World Punjabi News Network
WORLD PUNJABI ਪੰਜਾਬੀ | پنجابی NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਮੋਰਚੇ ਨੂੰ ਫੇਲ੍ਹ ਕਰਨ ਲਈ ਚਾਲਾਂ ਚੱਲ ਰਹੀ ਹੈ ਸਰਕਾਰ: ਉਗਰਾਹਾਂ



ਨਵੀਂ ਦਿੱਲੀ। ਦਿੱਲੀ ਦੀ ਟਿਕਰੀ ਹੱਦ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਖੇਤੀ ਵਿਰੋਧੀ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਮੋਰਚੇ ਨੂੰ ਫੇਲ੍ਹ ਕਰਨ ਲਈ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਆਗੂਆਂ ਤੋਂ ਭਰੋਸਾ ਤੋੜਨ ਲਈ ਸੋਸ਼ਲ ਮੀਡੀਆ ਰਾਹੀਂ ਪੰਜਾਬ ਦੇ ਕਿਸਾਨ ਆਗੂਆਂ ਨੂੰ 2022 ਦੀਆਂ ਚੋਣਾਂ 'ਚ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰ ਕੇ ਭਰਮ ਭੁਲੇਖੇ ਖੜ੍ਹੇ ਕੀਤੇ ਜਾ ਰਹੇ ਹਨ। ਸੂਬਾ ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਕਿਸੇ ਤਰ੍ਹਾਂ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਲੈਂਦੀ ਤੇ ਨਾ ਹੀ ਕਿਸੇ ਪਾਰਟੀ ਜਾਂ ਚੋਣਾਂ ਲੜ ਰਹੇ ਕਿਸੇ ਵੀ ਵਿਅਕਤੀ ਦਾ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਹਿਲਾਂ ਵੀ ਨਕਸਲੀ, ਅਤਿਵਾਦੀ, ਵਿਰੋਧੀਆਂ ਦੇ ਹਮਾਇਤੀ, ਵਿਚੋਲੀਏ ਤੇ ਹੋਰ ਕਈ ਤਰ੍ਹਾਂ ਦੇ ਠੱਪੇ ਲਾ ਕੇ ਮੋਰਚੇ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਧਰਮ ਤੇ ਪਾਣੀਆਂ ਦੇ ਨਾਂ 'ਤੇ ਰਾਜਾਂ ਦੇ ਕਿਸਾਨਾਂ ਨੂੰ ਲੜਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਸਾਰੀਆਂ ਚਾਲਾਂ ਫੇਲ੍ਹ ਹੋਣ ਤੋਂ ਬਾਅਦ ਵੀ ਸਰਕਾਰ ਵੱਲੋਂ ਮੋਰਚੇ ਨੂੰ ਫੇਲ੍ਹ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਦੀਆਂ ਇਨ੍ਹਾਂ ਚਾਲਾਂ ਤੋਂ ਸੁਚੇਤ ਹੁੰਦੇ ਹੋਏ ਮੋਰਚੇ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ। ਲੋਕਾਂ ਦੀਆਂ ਮੰਗਾਂ ਮਸਲਿਆਂ ਦਾ ਅਸਲੀ ਹੱਲ ਵੋਟਾਂ ਤੋਂ ਝਾਕ ਛੱਡ ਕੇ ਹੱਕੀ ਸੰਘਰਸ਼ ਹੀ ਹਨ। ਜਸਵਿੰ-ਦਰ ਸਿੰਘ ਲੌਂਗੋਵਾਲ ਨੇ ਕੱਲ੍ਹ ਚੰਡੀਗੜ੍ਹ 'ਚ ਰਾਜਪਾਲ ਨੂੰ ਸ਼ਾਂਤਮਈ ਢੰਗ ਨਾਲ ਮੰਗ ਪੱਤਰ ਦੇਣ ਗਏ ਕਿਸਾਨਾਂ 'ਤੇ ਦਰਜ ਕੀਤੇ ਪਰਚਿਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਭਾਜਪਾ ਵੱਲੋਂ ਬਦਲਾਖੋਰੀ ਦੀ ਭਾਵਨਾ ਨਾਲ ਕੀਤੀ ਗਈ ਕਾਰਵਾਈ ਹੈ। ਇਸੇ ਦੌਰਾਨ ਟਿਕਰੀ ਬਾਰਡਰ ਉਪਰ ਵੱਡੀ ਗਿਣਤੀ 'ਚ ਮੋਰਚੇ 'ਚ ਸ਼ਾਮਲ ਹੋਈਆਂ। ਸੰਯੁਕਤ ਕਿਸਾਨ ਮੋਰਚੇ ਲਈ ਮੁਲਾਜ਼ਮ ਜਥੇਬੰਦੀਆਂ ਦੇ ਕਾਰਕੁਨ ਵੀ ਇਕੱਠ ਵਧਾਉਣ ਵਿੱਚ ਮਦਦ ਕਰ ਰਹੇ ਹਨ।

## ਸੂਬੇ ਵਿੱਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ: ਸੁਖਬੀਰ



**ਲਾਲੜੂ।** ਇੱਥੇ 32 ਸਾਲਾ ਲੜਕੀ ਕੁਲਦੀਪ ਕੌਰ ਵੱਲੋਂ ਛੇ ਦਿਨ ਪਹਿਲਾਂ ਰੇਲਗੱਡੀ ਅੱਗੇ ਆ ਕੇ ਖੁਦਕੁਸ਼ੀ ਕਰਨ ਦੇ ਮਾਮਲੇ ਸਬੰਧੀ ਆਈਟੀਆਈ ਚੌਕ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼ਿਰਕਤ ਕਰਦਿਆਂ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ। ਸੁਖਬੀਰ ਨੇ ਕਿਹਾ ਕਿ ਇਕ ਦਲਿਤ ਲੜਕੀ ਦੀ ਮੌਤ ਮਗਰੋਂ ਨਾ ਸਰਕਾਰ ਤੇ ਪ੍ਰਸ਼ਾਸਨ ਨੇ ਕੋਈ ਕਾਰਵਾਈ ਕੀਤੀ ਅਤੇ ਨਾ ਹੀ ਐੱਸਸੀ ਤੇ ਮਹਿਲਾ ਕਮਿਸ਼ਨ ਨੇ ਕੋਈ ਨੋਟਿਸ ਲਿਆ ਹੈ। ਸੁਖਬੀਰ ਬਾਦਲ ਨੇ ਐੱਸਐੱਸਪੀ ਮੁਹਾਲੀ ਨੂੰ ਫੋਨ ਕਰ ਕੇ ਦੋ ਦਿਨਾਂ ਵਿੱਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ ਅਤੇ ਅਜਿਹਾ ਨਾ ਕਰਨ 'ਤੇ ਵੱਡੇ ਪੱਧਰ ਉੱਤੇ ਸੰਘਰਸ਼ ਵਿੱਢਣ ਦੀ ਚਿਤਾਵਨੀ ਦਿੱਤੀ। ਸੁਖਬੀਰ ਨੇ ਕਿਹਾ ਕਿ ਉਹ ਡੀਜੀਪੀ ਨੂੰ ਮਿਲਣਗੇ ਅਤੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਸੀਨੀਅਰ ਵਕੀਲਾਂ ਦੇ ਪੈਨਲ ਰਾਹੀਂ ਵੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਐੱਨਕੇ ਸ਼ਰਮਾ ਦੀ ਅਗਵਾਈ ਹੇਠ ਸੰਘਰਸ਼ ਦੀ ਰੂਪ-ਰੇਖਾ ਐਲਾਨੀ ਜਾਵੇਗੀ।

## ਜੰਮੂ ਡਰੋਨ ਹਮਲਾ: ਲਸ਼ਕਰ-ਏ-ਤੋਇਬਾ ਦੀ ਮਦਦ ਨਾਲ ਹਮਲਾ ਹੋਇਆ: ਰਿਪੋਰਟ

### ਚੌਕਸ ਜਵਾਨਾਂ ਨੇ ਅਤਿਵਾਦੀ ਹਮਲਾ ਕੀਤਾ ਨਾਕਾਮ; ਡਰੋਨ ਦਿਸਣ 'ਤੇ ਚਲਾਈਆਂ ਗੋਲੀਆਂ



**ਜੰਮੂ।** ਭਾਰਤ ਦੀਆਂ ਕੇਂਦਰੀ ਏਜੰਸੀਆਂ ਵਲੋਂ ਜੰਮੂ ਡਰੋਨ ਹਮਲੇ ਦੀ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਸ ਹਮਲੇ ਵਿਚ ਪਾਕਿਸਤਾਨ ਦੀ ਅਤਿਵਾਦੀ ਜਥੇਬੰਦੀ ਲਸ਼ਕਰ ਏ ਤੋਇਬਾ ਦਾ ਹੱਥ ਹੈ। ਏਜੰਸੀਆਂ ਨੇ ਇਹ ਵੀ ਦੱਸਿਆ ਕਿ ਇਸ ਖੇਤਰ ਵਿਚ ਪਿਛਲੇ ਕੁਝ ਸਮੇਂ ਤੋਂ 300 ਤੋਂ ਵਧ ਡਰੋਨ ਦੇਖੇ ਗਏ ਸਨ। ਇਸ ਤੋਂ ਇਲਾਵਾ ਇਥੋਂ ਦੇ ਰਤਨੂਚਾਕ-ਕਾਲੂਚਾਕ ਸਟੇਸ਼ਨ 'ਤੇ ਸਥਿਤ ਬ੍ਰਿਗੇਡ ਹੈਡਕੁਆਰਟਰ 'ਤੇ ਤਾਇਨਾਤ ਚੌਕਸ ਜਵਾਨਾਂ ਨੇ ਡਰੋਨ ਰਾਹੀਂ ਕੀਤੇ ਜਾਣ ਵਾਲੇ ਅਤਿਵਾਦੀ ਹਮਲੇ ਨੂੰ ਨਾਕਾਮ ਕਰ ਦਿੱਤਾ ਹੈ। ਅਤਿਵਾਦੀਆਂ ਵੱਲੋਂ ਕੀਤੀ ਇਹ ਦੂਜੀ ਕੋਸ਼ਿਸ਼ ਸੀ। ਅਤਿਵਾਦੀਆਂ ਨੇ ਕੱਲ੍ਹ ਡਰੋਨਾ ਰਾਹੀਂ ਹਵਾਈ ਅੱਡੇ 'ਤੇ ਹਮਲਾ ਕੀਤਾ ਸੀ। ਫੌਜੀ ਟਿਕਾਣੇ 'ਤੇ ਐਤਵਾਰ ਰਾਤ ਨੂੰ 11.45 ਵਜੇ ਪਹਿਲਾ ਡਰੋਨ ਅਤੇ ਤੜਕੇ 2.40 ਵਜੇ ਦੂਜਾ ਡਰੋਨ ਦਿਖਾਈ ਦਿੱਤਾ। ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਚੌਕਸ ਫੌਜੀ ਜਵਾਨਾਂ ਨੇ ਡਰੋਨ ਨੂੰ ਡੇਗਣ ਲਈ ਦੋ ਦਰਜਨ ਦੇ ਕਰੀਬ ਗੋਲੀਆਂ ਚਲਾਈਆਂ। ਲੈਫਟੀਨੈਂਟ ਕਰਨਲ ਦੇਵੇਂਦਰ ਆਨੰਦ ਨੇ ਇਕ ਬਿਆਨ ਜਾਰੀ ਕਰਕੇ ਦੱਸਿਆ ਕਿ ਚੌਕੀ ਜਵਾਨਾਂ ਨੇ ਰਤਨੂਚਾਕ-ਕਾਲੂਚਾਕ ਫੌਜੀ ਇਲਾਕੇ ਵਿੱਚ ਦੋ ਡਰੋਨ ਦੇਖੇ। ਉਨ੍ਹਾਂ ਨੇ ਡਰੋਨਾਂ ਨੂੰ ਡੇਗਣ ਲਈ ਫਾਇਰਿੰਗ ਕੀਤੀ ਪਰ ਦੋਵੇਂ ਡਰੋਨ ਉਥੋਂ ਨਿਕਲ ਗਏ। ਇਸ ਤਰ੍ਹਾਂ ਚੌਕਸ ਜਵਾਨਾਂ ਨੇ ਵੱਡਾ ਹਮਲਾ ਨਾਕਾਮ ਕਰ ਦਿੱਤਾ ਹੈ। ਸੁਰੱਖਿਆ ਬਲਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਤੇ ਤਲਾਸ਼ੀ ਮੁਹਿੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਫੌਜੀ ਅੱਡੇ ਦੇ ਬਾਹਰੀ ਇਲਾਕੇ ਦੀ ਘੇਰਾਬੰਦੀ ਕਰਕੇ ਤਲਾਸ਼ੀ ਲਈ ਜਾ ਰਹੀ ਹੈ। ਖ਼ਬਰ ਲਿਖੇ ਜਾਣ ਤਕ ਤਲਾਸ਼ੀ ਮੁਹਿੰਮ ਜਾਰੀ ਸੀ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਸਮਾਜਿਕ ਪਾੜਾ ਅਤੇ ਅਮਰੀਕਾ ਦੀ ਹਕੀਕੀ ਆਜ਼ਾਦੀ



ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ਇਕ ਅਹਿਮ ਫ਼ੈਸਲੇ ਵਿਚ 19 ਜੂਨ ਦੇ ਦਿਨ ਜਿਸ ਨੂੰ ਅਮਰੀਕੀ ਇਤਿਹਾਸ ਵਿਚ 'ਜੂਨਟੀਨਥ' ਵੀ ਕਿਹਾ ਜਾਂਦਾ ਹੈ, ਨੂੰ ਕੌਮੀ ਦਿਹਾੜਾ ਐਲਾਨਿਆ ਹੈ। ਇਹ ਅਮਰੀਕੀ ਜਮਹੂਰੀਅਤ ਦੇ ਲਗਾਤਾਰ ਜਾਰੀ ਸਮਾਜਿਕ-ਸਿਆਸੀ ਏਜੰਡੇ ਦਾ ਵੱਡਾ ਮੀਲ-ਪੱਥਰ ਹੈ। ਹੁਣ ਜੂਨਟੀਨਥ ਜੋ ਅਮਰੀਕਾ ਦੇ ਕਾਲੇ ਲੋਕਾਂ ਦੇ ਆਜ਼ਾਦੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਦਾ ਰੁਤਬਾ ਅਮਰੀਕਾ ਦੇ ਆਜ਼ਾਦੀ ਦਿਹਾੜੇ (4 ਜੁਲਾਈ), ਕ੍ਰਿਸਮਸ, ਵੈਟਰਨਜ਼ ਡੇਅ (11 ਨਵੰਬਰ) ਅਤੇ ਨਵੇਂ ਸਾਲ ਦੇ ਦਿਹਾੜੇ ਦੇ ਬਰਾਬਰ ਹੋਵੇਗਾ।

ਹਾਲੀਆ ਸਾਲਾਂ ਦੌਰਾਨ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਰਹੀ ਕਿ ਅਮਰੀਕਾ ਬੁਰੀ ਤਰ੍ਹਾਂ ਵੰਡਿਆ ਹੋਇਆ ਸਮਾਜ ਹੈ। ਉਥੇ ਅਜੇ ਵੀ ਆਬਾਦੀ ਦੇ ਅਜਿਹੇ ਵੱਡੇ ਤਬਕੇ ਹਨ ਜਿਨ੍ਹਾਂ ਨੂੰ ਬਰਾਬਰ ਸਿਆਸੀ ਤੇ ਸਮਾਜੀ ਹੱਕਾਂ ਤੋਂ ਮਹਿਰੂਮ ਰੱਖਿਆ ਜਾਂਦਾ ਹੈ ਅਤੇ ਉਹ ਆਰਥਿਕ ਤੌਰ 'ਤੇ ਪਛੜੇ ਹੋਏ ਵਰਗ ਹਨ। ਉਨ੍ਹਾਂ ਕੋਲ ਨਾ ਤਾਂ ਲੋੜੀਂਦੀ ਵਿੱਦਿਆ ਹੈ ਅਤੇ ਨਾ ਹੀ ਉਹ ਵਿੱਤੀ ਤੌਰ 'ਤੇ ਸੁਖਾਲੇ ਹਨ। ਅਸਲ ਵਿਚ ਅਮਰੀਕੀ ਸਿਆਸੀ ਰਾਇ ਦੀ ਇਕ ਮਜ਼ਬੂਤ ਧਾਰਾ ਕਾਨੂੰਨੀ, ਮਾਲੀ ਤੇ ਸਿਆਸੀ ਢੰਗ-ਤਰੀਕਿਆਂ ਤੇ ਸਾਧਨਾਂ ਰਾਹੀਂ ਉਸ ਸੋਚ ਨੂੰ ਸਹੀ ਢੰਗ ਨਾਲ ਅਮਲ ਵਿਚ ਆਉਣ ਦੇਣ ਤੋਂ ਰੋਕਣ ਵਿਚ ਕਾਮਯਾਬ ਰਹੀ ਹੈ ਜਿਹੜੀ ਸੋਚ 1776 ਵਿਚ ਇਸ ਦੇ ਆਪਣੇ ਆਜ਼ਾਦੀ ਦੇ ਐਲਾਨਨਾਮੇ ਵਿਚ ਜ਼ਾਹਰ ਕੀਤੀ ਗਈ ਸੀ ਕਿ 'ਜਨਮ ਤੋਂ ਸਾਰੇ ਇਨਸਾਨ ਬਰਾਬਰ ਹੁੰਦੇ ਹਨ'।

ਜੂਨਟੀਨਥ ਕਾਲੇ ਅਮਰੀਕੀ ਲੋਕਾਂ ਦੀ ਗੁਲਾਮੀ ਤੋਂ ਮੁਕਤੀ ਅਤੇ ਆਜ਼ਾਦੀ ਦਾ ਦਿਹਾੜਾ ਹੈ ਕਿਉਂਕਿ ਇਨ੍ਹਾਂ ਵਿਚੋਂ ਬਹੁਤੇ 19ਵੀਂ ਸਦੀ ਦੇ ਅੱਧ ਤੱਕ ਗੁਲਾਮ ਸਨ। ਅਮਰੀਕਾ ਵਿਚ ਕਾਲਿਆਂ ਨੂੰ ਗੁਲਾਮੀ ਤੋਂ ਮੁਕਤ ਕੀਤੇ ਜਾਣ ਦੇ ਮੁੱਦੇ ਉਤੇ 1860 ਤੋਂ 1865 ਦੌਰਾਨ ਹੋਈ ਖ਼ਾਨਾਜੰਗੀ ਦੌਰਾਨ ਹੀ ਅਮਰੀਕਾ ਦੇ ਉਦੋਂ ਦੇ ਸਦਰ ਅਬਰਾਹਮ ਲਿੰਕਨ ਨੇ ਉਨ੍ਹਾਂ ਦੀ ਆਜ਼ਾਦੀ ਦਾ ਐਲਾਨ ਸਹੀਬੰਦ ਕੀਤਾ ਜਿਸ ਵਿਚ ਪਹਿਲੀ ਜਨਵਰੀ 1863 ਤੋਂ ਅਫ਼ਰੀਕੀ ਗੁਲਾਮਾਂ ਨੂੰ ਆਜ਼ਾਦ ਐਲਾਨ ਦਿੱਤਾ ਗਿਆ। ਉਂਜ, ਖ਼ਾਨਾਜੰਗੀ ਤੋਂ ਬਾਅਦ ਜਦੋਂ ਯੂਨੀਅਨ ਆਰਮੀ (ਗੁਲਾਮ ਪ੍ਰਥਾ ਵਿਰੋਧੀ ਸੂਬਿਆਂ ਦੀ ਫ਼ੌਜ) ਗੁਲਾਮ ਪ੍ਰਥਾ ਦੇ ਹਾਮੀ ਸੂਬੇ ਟੈਕਸਸ ਦੇ ਸ਼ਹਿਰ ਗੈਲਵਸਟਨ ਪੁੱਜੀ ਤਾਂ ਕਿਤੇ ਜਾ ਕੇ ਟੈਕਸਸ ਦੇ ਕਰੀਬ ਢਾਈ ਲੱਖ ਕਾਲੇ ਗੁਲਾਮਾਂ ਨੂੰ ਪਤਾ ਲੱਗਾ ਕਿ ਉਹ ਯੂਨੀਅਨ ਜਨਰਲ ਗੌਰਡਨ ਗਰੈਂਗਰ ਵੱਲੋਂ 19 ਜੂਨ, 1865 ਨੂੰ ਜਾਰੀ ਹੁਕਮਾਂ ਤਹਿਤ ਆਜ਼ਾਦ ਹੋ ਚੁੱਕੇ ਸਨ।

ਇਸ ਤੋਂ ਬਾਅਦ ਅਮਰੀਕੀ ਕਾਲੇ ਭਾਈਚਾਰੇ ਵੱਲੋਂ ਇਸ ਤਰੀਕ (19 ਜੂਨ) ਨੂੰ ਆਪਣਾ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ, ਕਿਉਂਕਿ 4 ਜੁਲਾਈ ਦਾ ਆਜ਼ਾਦੀ ਦਿਹਾੜਾ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦਾ। ਇਹ ਦੋਵੇਂ ਤਰੀਕਾਂ ਜਿਸ ਡੂੰਘੀ ਖਾਈ, ਅਮਰੀਕੀ ਸਮਾਜ ਦੀ ਵੰਡ ਦੀ ਨੁਮਾਇੰਦਗੀ ਕਰਦੀਆਂ ਹਨ, ਉਹ ਅਜੇ ਵੀ ਜਾਰੀ ਹੈ। ਗ਼ੌਰਤਲਬ ਹੈ ਕਿ ਕਾਲੇ ਅਮਰੀਕੀ ਵੀ 1620ਵਿਆਂ ਵਿਚ ਕਰੀਬ ਉਸੇ ਸਮੇਂ ਅਮਰੀਕਾ ਵਿਚ ਆਉਣੇ ਸ਼ੁਰੂ ਹੋਏ, ਜਦੋਂ ਯੂਰਪੀ ਗੋਰੇ ਆਏ; ਬਸ ਫ਼ਰਕ ਇੰਨਾ ਸੀ ਕਿ ਉਨ੍ਹਾਂ ਨੂੰ ਫੜ ਕੇ ਅੰਧ-ਮਹਾਂਸਾਗਰ ਦੇ ਪਾਰ ਵਿਸ਼ੇਸ਼ ਜਹਾਜ਼ਾਂ ਰਾਹੀਂ ਅਮਰੀਕੀ ਬਸਤੀਆਂ ਵਿਚ ਗੁਲਾਮਾਂ ਵਜੋਂ ਕੰਮ ਕਰਨ ਲਈ ਲਿਆਂਦਾ ਗਿਆ ਸੀ। ਅਮਰੀਕੀ ਕਾਲੇ ਬਾਵੇਂ ਜੂਨਟੀਨਥ ਮੌਕੇ 1865 ਵਿਚ ਆਜ਼ਾਦ ਕਰਾਰ ਦੇ ਦਿੱਤੇ ਗਏ ਸਨ ਤਾਂ ਵੀ ਉਨ੍ਹਾਂ ਨੂੰ ਵੋਟ ਦਾ ਕਾਨੂੰਨੀ ਹੱਕ ਹਾਸਲ ਕਰਨ ਵਿਚ ਇਕ ਹੋਰ ਸਦੀ ਲੱਗ ਗਈ। ਉਨ੍ਹਾਂ ਨੂੰ ਵੋਟ ਦਾ ਹੱਕ ਅਗਸਤ 1965 ਵਿਚ ਹਾਸਲ ਹੋਇਆ, ਭਾਵ ਭਾਰਤੀ ਲੋਕਾਂ ਤੋਂ ਕਰੀਬ 15 ਸਾਲ ਬਾਅਦ।

ਇਹ ਕਾਲਿਆਂ ਲਈ ਬਹੁਤ ਹੀ ਦੁੱਖਾਂ-ਤਕਲੀਫ਼ਾਂ ਭਰੀ ਸਦੀ ਸੀ ਜਿਸ ਦੌਰਾਨ ਇਨ੍ਹਾਂ ਆਜ਼ਾਦ ਹੋਏ ਕਾਲਿਆਂ ਦੀ ਉਤਰੀ ਅਮਰੀਕੀ ਸ਼ਹਿਰਾਂ ਦੀਆਂ ਗ਼ਰੀਬ ਬਸਤੀਆਂ ਵੱਲ ਵਿਆਪਕ ਹਿਜਰਤ ਦੇਖਣ ਨੂੰ ਮਿਲੀ। ਇਸ ਦੌਰਾਨ ਇਨ੍ਹਾਂ ਨੂੰ ਬਹੁਤ ਸਾਰੀਆਂ ਥਾਵਾਂ 'ਤੇ ਜ਼ਮੀਨ ਖ਼ਰੀਦਣ ਤੋਂ ਰੋਕਿਆ ਜਾਂਦਾ ਸੀ, ਉਨ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਤੱਕ ਪਹੁੰਚ ਵੀ ਬਹੁਤ ਸੀਮਤ ਸੀ, ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਹਾਸਲ ਨਹੀਂ ਸੀ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੱਖਰੇ ਸਕੂਲਾਂ ਵਿਚ ਪੜ੍ਹਨ ਲਈ ਮਜਬੂਰ ਕੀਤਾ ਜਾਂਦਾ। ਟੁਲਸਾ, (ਓਕਲਹਾਮਾ), ਪੂਰਬੀ ਸੇਂਟ ਲੂਈਸ ਆਦਿ ਵਿਚ ਕਾਲਿਆਂ ਦੇ ਕਾਰੋਬਾਰ ਨੇ ਖ਼ੂਬ ਤਰੱਕੀ ਕੀਤੀ ਪਰ ਇਨ੍ਹਾਂ ਨੂੰ ਗੋਰਿਆਂ ਦੀਆਂ ਹਿੰਸਕ ਭੀੜਾਂ ਨੇ ਤਬਾਹ ਕਰ ਦਿੱਤਾ। ਹਜ਼ਾਰਾਂ ਹੀ ਕਾਲਿਆਂ ਨੂੰ ਬਿਨਾ ਕਿਸੇ ਕਾਰਨ ਹਜੂਮਾਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ। ਹਜੂਮੀ ਕਤਲ ਤਾਂ ਇਕ ਤਰ੍ਹਾਂ ਕਾਲਿਆਂ ਨੂੰ ਦਬਾ ਕੇ ਰੱਖਣ ਦਾ ਹਥਿਆਰ ਬਣ ਗਏ ਸਨ।

ਇਕ ਪਾਸੇ ਜਿਥੇ ਅਮਰੀਕਾ ਤਰੱਕੀ ਕਰ ਕੇ ਦੁਨੀਆ ਦਾ ਸਭ ਤੋਂ ਅਮੀਰ ਤੇ ਤਾਕਤਵਰ ਮੁਲਕ ਬਣ ਗਿਆ, ਉਥੇ ਇਹ ਵੀ ਹਕੀਕਤ ਹੈ ਕਿ ਅੱਜ ਵੀ ਇਸ ਦੀ ਆਬਾਦੀ ਦਾ ਵੱਡਾ ਹਿੱਸਾ ਸਮਾਜਿਕ ਤੇ ਸਿਆਸੀ ਤੌਰ 'ਤੇ ਨਕਾਰਾ ਬਣਾ ਕੇ ਰੱਖਿਆ ਗਿਆ ਹੈ। ਇਨ੍ਹਾਂ ਅਮਰੀਕੀ ਨਾਗਰਿਕਾਂ ਨੂੰ ਗੋਰਿਆਂ ਦੇ ਬਰਾਬਰ ਨਹੀਂ ਮੰਨਿਆ ਜਾਂਦਾ। ਉਹ ਅਜੇ ਵੀ ਜਾਇਦਾਦ, ਬੱਚਤਾਂ ਅਤੇ ਵਿੱਦਿਅਕ ਪੱਖ ਤੋਂ ਗੋਰਿਆਂ ਦੇ ਮੁਕਾਬਲੇ ਬਹੁਤ ਪਛੜੇ ਹੋਏ ਹਨ। ਅਮਰੀਕਾ ਦੀ ਆਜ਼ਾਦੀ ਵੇਲੇ ਕਾਲਿਆਂ ਦੀ ਆਬਾਦੀ 25 ਫ਼ੀਸਦੀ ਸੀ, ਭਾਵੇਂ ਉਹ ਸਾਰੇ ਗੁਲਾਮ ਸਨ, ਅੱਜ ਉਨ੍ਹਾਂ ਦੀ ਆਬਾਦੀ ਮਹਿਜ਼ 13 ਫ਼ੀਸਦੀ ਰਹਿ ਗਈ ਹੈ।

ਕਾਲੇ ਅਮਰੀਕੀਆਂ ਨੇ ਜੋ ਨਾਇਨਸਾਫ਼ੀ ਤੇ ਪੀੜ ਝੱਲੀ ਹੈ, ਉਸ ਦੀ ਦਾਸਤਾਨ ਬਹੁਤ ਲੰਮੀ ਹੈ। ਇਸ ਦੇ ਬਾਵਜੂਦ ਉਨ੍ਹਾਂ ਅਮਰੀਕਾ ਨੂੰ ਖ਼ੁਸ਼ਹਾਲ ਬਣਾਉਣ ਲਈ ਜੋ ਘਾਲਣਾ ਘਾਲੀ, ਉਸ ਦੀ ਕਹਾਣੀ ਵੀ ਬਹੁਤ ਲੰਮੀ ਤੇ ਅਹਿਮ ਹੈ। ਇਹ ਕਾਲੇ ਅਮਰੀਕੀ ਗੁਲਾਮ ਮਜ਼ਦੂਰਾਂ ਵੱਲੋਂ ਕਪਾਹ ਦੇ ਖੇਤਾਂ ਵਿਚ ਕੀਤੀ ਮਿਹਨਤ ਹੀ ਸੀ ਜਿਸ ਨੇ ਅਮਰੀਕਾ ਨੂੰ 19ਵੀਂ ਸਦੀ ਵਿਚ ਆਲਮੀ ਤਾਕਤ ਬਣਨ ਦੇ ਕਾਬਲ ਬਣਾਇਆ। ਉਨ੍ਹਾਂ ਨੂੰ ਕਿਉਂਕਿ ਬਾਜ਼ਾਰ ਵਿਚ ਵਸਤਾਂ ਵਾਂਗ ਖ਼ਰੀਦਿਆ ਵੇਚਿਆ ਜਾਂਦਾ ਸੀ, ਇਸ ਕਾਰਨ ਇਹ ਅੰਦਾਜ਼ਾ ਲਾਉਣਾ ਸੰਭਵ ਹੈ ਕਿ 1860 ਵਿਚ ਉਨ੍ਹਾਂ ਦੀ ਕੀਮਤ 'ਉਸ ਵਕਤ ਅਮਰੀਕੀ ਬੈਂਕਾਂ ਵਿਚ ਨਿਵੇਸ਼ ਕੀਤੀ ਕੁੱਲ ਰਕਮ ਦੇ ਤਿੱਗਣੇ ਤੋਂ ਵੀ ਵੱਧ' ਸੀ। ਇਹੀ ਨਹੀਂ, ਇਹ ਕੀਮਤ ਉਸ ਸਮੇਂ ਅਮਰੀਕਾ ਵਿਚ ਚੱਲ ਰਹੀ ਕੁੱਲ ਕਰੰਸੀ ਦੀ ਕੀਮਤ ਤੋਂ ਸੱਤ ਗੁਣਾ ਵੱਧ ਸੀ।

ਕਾਲੇ ਪਰਿਵਾਰਾਂ ਦੀ ਮਕਾਨਾਂ ਦੀ ਮਾਲਕੀ ਦੀ ਦਰ ਮਹਿਜ਼ 44 ਫ਼ੀਸਦੀ ਹੈ, ਜਦੋਂਕਿ ਗੋਰੇ ਪਰਿਵਾਰਾਂ ਦੀ ਇਹ ਦਰ 74 ਫ਼ੀਸਦੀ ਹੈ, ਭਾਵ ਅਮਰੀਕਾ ਦੇ 74 ਫ਼ੀਸਦੀ ਗੋਰੇ ਪਰਿਵਾਰ ਆਪਣੇ ਘਰਾਂ ਦੇ ਮਾਲਕ ਹਨ। ਅਖ਼ਬਾਰ 'ਵਾਸ਼ਿੰਗਟਨ ਪੋਸਟ' ਨੇ 2016 ਵਿਚ ਆਪਣੇ ਵਿਸ਼ਲੇਸ਼ਣ ਵਿਚ ਅੰਦਾਜ਼ਾ ਲਾਇਆ ਸੀ ਕਿ ਇਕ ਆਮ ਕਾਲੇ ਪਰਿਵਾਰ ਕੋਲ ਉਸ ਵਕਤ ਔਸਤਨ 13 ਹਜ਼ਾਰ ਡਾਲਰ ਦੀ ਦੌਲਤ ਸੀ, ਜਦੋਂਕਿ ਇਕ ਆਮ ਗੋਰੇ ਪਰਿਵਾਰ ਦੀ ਇਹ ਔਸਤ ਡੇਢ ਲੱਖ ਡਾਲਰ ਸੀ। ਇਹ ਪਾੜਾ 1968 ਤੋਂ ਬਾਅਦ ਵਧਿਆ ਹੈ।

ਅਮਰੀਕਾ ਨੇ ਅਜਿਹੇ ਦੌਰ ਵੀ ਦੇਖੇ ਹਨ ਜਦੋਂ ਇਹ ਵੱਡੀਆਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਇਨ੍ਹਾਂ ਪਾੜਿਆਂ ਤੋਂ ਉਪਰ ਉੱਠਿਆ ਹੈ; ਖ਼ਾਸਕਰ ਦੂਜੀ ਸੰਸਾਰ ਜੰਗ ਅਤੇ ਸੋਵੀਅਤ ਸੰਘ ਨਾਲ ਮੁਕਾਬਲੇ ਵਾਲਾ ਸਮਾਂ। ਚੰਦ ਉਤੇ ਇਨਸਾਨ ਨੂੰ ਭੇਜਣਾ ਵੱਡੀ ਵਿਗਿਆਨਕ ਮਸ਼ਕ ਸੀ ਪਰ ਇਹ ਸਿਆਸਤ ਦੇ ਸਿਖਰ ਵਾਲੇ ਦੌਰ ਵਿਚ ਆਈ ਜਦੋਂ ਵੱਡੀ ਪੱਧਰ 'ਤੇ ਸਮਾਜਿਕ ਸੁਰੱਖਿਆ ਦੇ ਕਦਮ ਚੁੱਕੇ ਜਾ ਰਹੇ ਸਨ। ਅਜਿਹੇ ਕਦਮਾਂ ਵਿਚ ਮੁੱਖ ਸਨ ਗ਼ਰੀਬ ਤੇ ਬਜ਼ੁਰਗ ਅਮਰੀਕੀਆਂ ਲਈ ਸਿਹਤ ਸੰਭਾਲ ਸਹੂਲਤਾਂ, ਸਿੱਖਿਆ ਵਿਚ ਸੁਧਾਰ, ਪੇਂਡੂ ਸਿੱਖਿਆ ਉਤੇ ਜ਼ੋਰ, ਵਾਤਾਵਰਨ, ਜਨਤਕ ਬਰਾਡਕਾਸਟਿੰਗ, ਆਵਾਜਾਈ ਸਹੂਲਤਾਂ ਆਦਿ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਇਸੇ ਦੌਰਾਨ ਕਾਲੇ ਅਮਰੀਕੀਆਂ ਨੂੰ ਸਿਆਸੀ ਮੁੱਖ ਧਾਰਾ ਵਿਚ ਲਿਆਉਣ ਲਈ ਆਮ ਸ਼ਹਿਰੀ ਹੱਕ ਦੇਣ ਸਬੰਧੀ ਸਿਵਿਲ ਰਾਈਟਸ ਐਕਟ-1964 ਅਤੇ ਉਨ੍ਹਾਂ ਨੂੰ ਵੋਟ ਦਾ ਹੱਕ ਦੇਣ ਲਈ ਵੋਟਿੰਗ ਰਾਈਟਸ ਐਕਟ-1965 ਵਰਗੇ ਕਾਨੂੰਨ ਪਾਸ ਕੀਤੇ ਗਏ।

ਉਂਜ, ਇਸ ਦੌਰਾਨ ਇਕ ਪਾਸੇ ਜਿਥੇ ਅਮਰੀਕੀ ਜਨਤਾ ਵਿਚ ਗੋਰੇ ਰੰਗ ਦੀ ਚੌਧਰ ਵਿਚ ਕਮੀ ਆ ਰਹੀ ਹੈ, ਭਾਵ ਨਸਲਪ੍ਰਸਤੀ ਦਾ ਜ਼ੋਰ ਘਟ ਰਿਹਾ ਹੈ ਤਾਂ ਦੂਜੇ ਪਾਸੇ ਕੱਟੜਪੰਥੀ ਲੋਕਾਂ ਨੂੰ ਇਹ ਹਾਂ-ਪੱਖੀ ਤਬਦੀਲੀ ਰਾਸ ਨਹੀਂ ਆ ਰਹੀ। ਉਹ ਅੱਜ ਵੀ ਇਸ ਵਹਿਣ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਨ੍ਹਾਂ ਨੂੰ ਇਹ ਗੱਲ ਬਹੁਤ ਮਾੜੀ ਲੱਗਦੀ ਹੈ ਕਿ ਅਮਰੀਕਾ ਕਿੱਧਰ ਨੂੰ ਤੁਰ ਰਿਹਾ ਹੈ। ਮੁਲਕ ਭਰ ਵਿਚ ਸੱਜੇ-ਪੱਖੀ ਸਿਆ-ਸਤਦਾਨ ਗ਼ਰੀਬਾਂ ਅਤੇ ਘੱਟ ਪੜ੍ਹੇ-ਲਿਖੇ ਕਾਲਿਆਂ ਨੂੰ ਵੋਟਿੰਗ ਦੇ ਹੱਕ ਤੋਂ ਮਹਿਰੂਮ ਕਰਨ ਲਈ ਕਾਨੂੰਨ ਪਾਸ ਕਰ ਰਹੇ ਹਨ।

ਦੂਜੇ ਪਾਸੇ ਅਮਰੀਕਾ ਦੇ ਸਭ ਤੋਂ ਵੱਡੇ ਸ਼ਰੀਕ ਜਾਂ ਮੁੱਖ ਵਿਰੋਧੀ ਚੀਨ ਨੇ ਲੋਕ ਗਣਰਾਜ ਦੀ ਕਾਇਮੀ ਵੇਲੇ ਅਤੇ ਫਿਰ ਸੱਭਿਆਚਾਰਕ ਇਨ-ਕਲਾਬ (1966-1976) ਦੌਰਾਨ ਲੱਖਾਂ ਲੋਕਾਂ ਨੂੰ ਮਾਰ ਕੇ ਆਪਣੀਆਂ ਸਮਾਜਿਕ ਵੰਡਾਂ ਨੂੰ ਆਸਾਨੀ ਨਾਲ ਖ਼ਤਮ ਕਰ ਦਿੱਤਾ। ਚੀਨ ਦੇ ਹਾਨ ਲੋਕਾਂ ਲਈ ਇਕਰੂਪਤਾ-ਇਕਸਾਰਤਾ ਖ਼ਾਸ ਅਹਿਮੀਅਤ ਵਾਲੀ ਚੀਜ਼ ਹੈ ਜਿਨ੍ਹਾਂ ਦਾ ਵੱਖੋ-ਵੱਖ ਲੋਕਾਂ ਤੇ ਸੱਭਿਆਚਾਰਾਂ ਨੂੰ ਆਪਣੇ ਵਿਚ ਸਮਾ ਲੈਣ ਦਾ ਪੁਰਾਣਾ ਇਤਿਹਾਸ ਹੈ। ਹੁਣ ਵੀ ਤੁਸੀਂ ਮੁਲਕ ਦੇ ਸੂਬੇ ਸ਼ਿਨਜਿਆਂਗ ਅਤੇ ਤਿੱਬਤ ਵਿਚ ਕੀਤੀਆਂ ਜਾ ਰਹੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਦੇਖ ਸਕਦੇ ਹੋ, ਇਹ ਉਥਲ-ਪੁਥਲ ਚੀਨ ਨੂੰ ਕਮਜ਼ੋਰ ਵੀ ਬਣਾ ਦਿੰਦੀ ਹੈ।

ਅਮਰੀਕੀ ਰਾਸ਼ਟਰਪਤੀ ਬਾਇਡਨ ਦੇ ਹਾਲੀਆ ਯੂਰਪੀ ਦੌਰੇ ਦਾ ਕੇਂਦਰੀ ਸੁਨੇਹਾ ਚੀਨ ਨਾਲ ਮੁਕਾਬਲੇ ਅਤੇ ਤਾਨਾਸ਼ਾਹੀ ਦੇ ਮੁਕਾਬਲੇ ਜਮਹੂਰੀਅਤ ਦੀ ਅਹਿਮੀਅਤ ਬਾਰੇ ਹੀ ਸੀ। ਫਿਰ ਵੀ ਬਾਇਡਨ ਜਾਣਦੇ ਹਨ ਕਿ 6 ਜਨਵਰੀ ਨੂੰ ਕੈਪੀਟਲ ਬਿਲਡਿੰਗ ਉਤੇ ਹਮਲੇ ਅਤੇ ਵਿਰੋਧੀ ਧਿਰ ਦੇ ਵੱਡੇ ਹਿੱਸੇ ਵੱਲੋਂ ਉਨ੍ਹਾਂ ਨੂੰ ਰਾਸ਼ਟਰਪਤੀ ਵਜੋਂ ਮਨਜ਼ੂਰ ਕਰਨ ਤੋਂ ਇਨਕਾਰ ਕਰਨ ਦੀਆਂ ਜੜ੍ਹਾਂ ਨਸਲਵਾਦ ਵਿਚ ਹਨ, ਤੇ ਇਹ ਨਸਲੀ ਸੋਚ ਨਾ ਸਿਰਫ਼ ਉਨ੍ਹਾਂ (ਬਾਇਡਨ) ਨੂੰ ਕਮਜ਼ੋਰ ਬਣਾਉਂਦੀ ਹੈ ਸਗੋਂ ਮੁਲਕ ਅਤੇ ਇਸ ਦੇ ਸਾਰੇ ਅਦਾਰਿਆਂ ਨੂੰ ਵੀ ਕਮਜ਼ੋਰ ਬਣਾਉਂਦੀ ਹੈ। ਦੂਜੇ ਪਾਸੇ ਭਾਰਤ ਵਰਗੇ ਮੁਲਕਾਂ ਜਿਹੜੇ ਆਪਣੇ ਭੂ-ਸਿਆਸੀ ਟੀਚਿਆਂ ਲਈ ਅਮਰੀਕਾ ਉਤੇ ਭਰੋਸਾ ਕਰ ਰਹੇ ਹਨ, ਲਈ ਇਹ ਕੋਈ ਚੰਗੀ ਖ਼ਬਰ ਨਹੀਂ ਹੈ।

**ਮਨੋਜ ਜੋਸ਼ੀ**
***ਵਿਸ਼ੇਸ਼ ਫੈਲੋ, ਅਬਜ਼ਰਵਰ ਰਿਸਰਚ ਫਾਊਂਡੇਸ਼ਨ।**

## ਕਮਾਲ ਆਰ ਖਾਨ ਨੇ ਹੁਣ ਕੰਗਨਾ ਰਣੌਤ ਨੂੰ ਦੱਸਿਆ ਨਫ਼ਰਤ ਫੈਲਾਉਣ ਵਾਲੀ






**ਨਵੀਂ ਦਿੱਲੀ:** ਖ਼ੁਦ ਨੂੰ ਫਿਲਮ ਕ੍ਰਿਟਿਕਸ ਦੱਸਣ ਵਾਲੇ ਕੇਆਰਕੇ ਨੇ ਸੋਸ਼ਲ ਮੀਡੀਆ 'ਤੇ ਕੰਗਨਾ ਰਣੌਤ ਨੂੰ ਲੈ ਕੇ ਫਿਰ ਤੋਂ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਕੇਆਰਕੇ ਨੇ ਆਪਣੇ ਅਧਿਕਾਰਿਤ ਇੰਸਟਾਗ੍ਰਾਮ ਅਕਾਊਂਟ 'ਤੇ ਲਿਖਿਆ, ਮੈਂ 100 ਫ਼ੀਸਦੀ ਗਾਰੰਟੀ ਨਾਲ ਕਹਿ ਸਕਦਾ ਹੈ ਕਿ ਭਵਿੱਖ 'ਚ ਕੰਗਨਾ ਦੀ ਕੋਈ ਵੀ ਫਿਲਮ ਹਿੱਟ ਨਹੀਂ ਹੋਵੇਗੀ। ਉਨ੍ਹਾਂ ਦੀ ਅਗਲੀ ਫਿਲਮ ਇੰਦਰਾ ਗਾਂਧੀ, ਕਸ਼ਮੀਰੀ ਪੰਡਿਤਾਂ ਅਤੇ ਅਯੋਧਿਆ ਰਾਮ ਮੰਦਿਰ 'ਤੇ ਹੈ। ਮਤਲਬ ਉਹ ਹੁਣ ਫਿਲਮਮੇਕਰ ਨਹੀਂ ਹੈ। ਉਹ ਸਿਰਫ਼ ਨਫ਼ਰਤ ਫੈਲਾਉਣਾ ਚਾਹੁੰਦੀ ਹੈ। 90 ਫ਼ੀਸਦੀ ਇੰਡੀਅਨਸ ਇਹ ਪਸੰਦ ਨਹੀਂ ਕਰਦੇ। ਲੋਕ ਸ਼ਾਂਤੀ ਚਾਹੁੰਦੇ ਹਨ।'

ਸੋਸ਼ਲ ਮੀਡੀਆ 'ਤੇ ਕੇਆਰਕੇ ਦਾ ਇਹ ਟਵੀਟ ਵਾਇਰਲ ਹੋ ਰਿਹਾ ਹੈ। ਉਨ੍ਹਾਂ ਦੇ ਅਤੇ ਕੰਗਨਾ ਰਣੌਤ ਦੇ ਫੈਨਜ਼ ਟਵੀਟ 'ਤੇ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਇਸ ਨਾਲ ਕੇਆਰਕੇ ਨੇ ਐਤਵਾਰ ਨੂੰ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਨੂੰ ਲੈ ਕੇ ਆਪਣੀ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ ਕਿ ਇਹ ਅਦਾਕਾਰ ਦੀ 12ਵੀਂ ਸੁਪਰ ਫਲਾਪ ਫਿਲਮ ਹੋਣ ਵਾਲੀ ਹੈ।

## ਮੈਕਲਾਘਲਿਨ ਨੇ ਬਣਾਇਆ ਵਿਸ਼ਵ ਰਿਕਾਰਡ, 400 ਮੀਟਰ ਹਰਡਲ ਰੇਸ 51.90 ਸਕਿੰਟਾਂ 'ਚ ਕੀਤੀ ਪੂਰੀ




ਯੂਜੀਨ,ਅਮਰੀਕਾ: ਅਮਰੀਕਾ ਦੀ ਸਿਡਨੀ ਮੈਕਲਾਘਲਿਨ ਨੇ ਯੂਐੱਸ ਓਲੰਪਿਕ ਟਰੈਕ ਟਰਾਇਲਜ਼ 'ਚ ਔਰਤਾਂ ਦੀ 400 ਮੀਟਰ ਹਰਡਲ ਰੇਸ 51.90 ਸਕਿੰਟਾਂ 'ਚ ਪੂਰੀ ਕਰ ਕੇ ਨਵਾਂ ਵਿਸ਼ਵ ਰਿਕਾਰਡ ਬਣਾਇਆ। ਮੈਕਲਾਘਲਿਨ ਨੂੰ ਓਲੰਪਿਕ ਤੇ ਵਿਸ਼ਵ ਚੈਂਪੀਅਨ ਡਲੀਲਾਹ ਮੁਹੰਮਦ ਤੋਂ ਸਖ਼ਤ ਚੁਣੌਤੀ ਮਿਲੀ ਪਰ ਅਖੀਰ 'ਚ ਉਹ ਮੈਕਲਾਘਲਿਨ ਨੂੰ ਸਫਲਤਾ ਮਿਲੀ। ਮੈਕਲਾਘਲਿਨ ਨੇ 0.26 ਸਕਿੰਟ ਨਾਲ ਰਿਕਾਰਡ ਤੋੜਿਆ ਤੇ ਡਲੀਲਾਹ ਨੂੰ 0.52 ਸਕਿੰਟ ਨਾਲ ਪਿੱਛੇ ਛੱਡ ਦਿੱਤਾ। ਪਿਛਲਾ ਰਿਕਾਰਡ ਵੀ ਡਲੀਲਾਹ ਦੇ ਨਾਂ 'ਤੇ ਹੀ ਸੀ। ਉਨ੍ਹਾਂ 2019 'ਚ ਦੋਹਾ 'ਚ ਵਿਸ਼ਵ ਚੈਂਪੀਅਨਸ਼ਿਪ 'ਚ 52.16 ਸਕਿੰਟ ਨਾਲ ਇਹ ਰਿਕਾਰਡ ਬਣਾਇਆ ਸੀ। ਇਸ ਤਰ੍ਹਾਂ ਮੈਕਲਾਘਲਿਨ ਪਹਿਲੀ ਮਹਿਲਾ ਐਥਲੀਟ ਬਣ ਗਈ ਹੈ ਜਿਨ੍ਹਾਂ 400 ਮੀਟਰ ਹਰਡਲ ਰੇਸ 52 ਸਕਿੰਟਾਂ ਤੋਂ ਘੱਟ ਸਮੇਂ 'ਚ ਪੂਰੀ ਕੀਤੀ।

## ਫਰਹਾਨ ਅਖ਼ਤਰ ਜਲਦ ਲੈ ਕੇ ਆਉਣ ਵਾਲੇ ਹਨ 'ਤੂਫਾਨ'




**ਨਵੀਂ ਦਿੱਲੀ:** ਅਦਾਕਾਰ ਫਰਹਾਨ ਅਖ਼ਤਰ ਦੀ ਫਿਲਮ 'ਤੂਫਾਨ' ਲੰਬੇ ਸਮੇਂ ਤੋਂ ਕਾਫੀ ਚਰਚਾ ਹੈ। ਪਹਿਲਾਂ ਇਹ ਫਿਲਮ ਸਿਨੇਮਾ ਘਰਾਂ 'ਚ ਰਿਲੀਜ਼ ਹੋਣ ਵਾਲੀ ਸੀ ਪਰ ਕੋਰੋਨਾ ਵਾਇਰਸ ਦੀ ਮਹਾਮਾਰੀ ਨੂੰ ਦੇਖਦੇ ਹੋਏ ਮੇਕਰਜ਼ ਨੇ ਇਸ ਨੂੰ ਓਟੀਟੀ ਪਲੇਟਫਾਰਮ 'ਤੇ ਰਿਲੀਜ਼ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੌਰਾਨ ਹੁਣ ਫਿਲਮ 'ਤੂਫਾਨ' ਦੇ ਟਰੇਲਰ ਨੂੰ ਰਿਲੀਜ਼ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ।

ਇਸ ਗੱਲ ਦੀ ਜਾਣਕਾਰੀ ਖ਼ੁਦ ਫਿਲਮ ਦੇ ਮੁੱਖ ਅਦਾਕਾਰ ਫਰਹਾਨ ਅਖ਼ਤਰ ਨੇ ਦਿੱਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਫਿਲਮ ਤੂਫਾਨ ਨਾਲ ਜੁੜੇ ਦੋ ਪੋਸਟਰ ਸਾਂਝੇ ਕੀਤੇ ਹਨ। ਇਨ੍ਹਾਂ ਪੋਸਟਰਾਂ ਨਾਲ ਇਸ ਫਿਲਮ ਦੇ ਟਰੇਲਰ ਰਿਲੀਜ਼ ਦਾ ਐਲਾਨ ਕੀਤਾ ਗਿਆ ਹੈ। ਇਸ ਪੋਸਟਰ ਦੇ ਨਾਲ ਫਰਹਾਨ ਅਖ਼ਤਰ ਨੇ ਖ਼ਾਸ ਪੋਸਟ 'ਚ ਲਿਖਿਆ, 'ਜ਼ਿੰਦਗੀ ਤੁਹਾਨੂੰ ਉਦੋਂ ਤਕ ਨਹੀਂ ਤੋੜ ਸਕਦੀ ਜਦੋਂ ਤਕ ਪਿਆਰ ਤੁਹਾਨੂੰ ਜੋੜੇ ਕੇ ਰੱਖੇ। ਟਰੇਲਰ 30 ਜੂਨ ਨੂੰ ਆਉਟ ਹੋਵੇਗਾ।'

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਰਿਜ਼ਰਵ ਬੈਂਕ ਦਾ ਆਦੇਸ਼ ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਕੋਆਪਰੇਟਿਵ ਬੈਂਕਾਂ ਲਈ ਬੋਰਡ ਮੈਂਬਰ ਨਹੀਂ ਬਣ ਸਕਣਗੇ

**ਮੁੰਬਈ।** ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਸ਼ਹਿਰੀ ਕੋਆਪਰੇਟਿਵ ਬੈਂਕਾਂ (ਯੂ ਸੀ ਬੀ) ਦੇ ਮੈਨੇਜਿੰਗ ਡਾਇਰੈਕਟਰਾਂ ਅਤੇ ਪ੍ਰਾਈਵੇਟ ਬੈਂਕਾਂ ਦੇ ਹੋਲ-ਟਾਈਮ ਡਾਇਰੈਕਟਰ (ਡਬਲਯੂ ਟੀ ਡੀ) ਦੇ ਲਈ ਹੋਣ ਵਾਲੀਆਂ ਨਿਯੁਕਤੀਆਂ ਦੇ ਨਵੇਂ ਨਿਯਮ ਜਾਰੀ ਕਰ ਦਿੱਤੇ ਹਨ।



ਨਵੇਂ ਨੋਟੀਫਿਕੇਸ਼ਨ ਅਨੁਸਾਰ ਮੈਨੇਜਿੰਗ ਡਾਇਰੈਕਟਰ ਜਾਂ ਹੋਲ-ਟਾਈਮ ਡਾਇਰੈਕਟਰ ਦਾ ਕਾਰਜਕਾਲ ਇੱਕ ਸਮੇਂ ਵਿੱਚ ਪੰਜ ਸਾਲ ਤੋਂ ਵੱਧ ਨਹੀਂ ਹੋ ਸਕਦਾ। ਇਨ੍ਹਾਂ ਦੀ ਨਿਯੁਕਤੀ ਵਿੱਚ ਘੱਟੋ-ਘੱਟ ਤਿੰਨ ਸਾਲ ਦਾ ਕਾਰਜਕਾਲ ਹੋਵੇਗਾ। ਬੋਰਡ ਹਰ ਸਾਲ ਐਮ ਡੀ ਅਤੇ ਡਬਲਯੂ ਟੀ ਡੀ ਦੇ ਕੰਮ ਦਾ ਮੁਲਾਂਕਣ ਕਰ ਕੇ ਉਸ ਆਧਾਰ ਉੱਤੇ ਕਾਰਜਕਾਲ ਵਧਾਉਣ ਉੱਤੇ ਵਿਚਾਰ ਕਰੇਗਾ। ਇੱਕੋ ਅਹੁਦੇਦਾਰ ਐਮ ਡੀ ਜਾਂ ਡਬਲਯੂ ਟੀ ਡੀ ਦੇ ਅਹੁਦੇ ਉੱਤੇ ਆਪਣੇ ਪੂਰੇ ਸੇਵਾਕ-ਾਲ ਵਿੱਚ 15 ਸਾਲ ਤੋਂ ਵੱਧ ਨਹੀਂ ਰਹਿ ਸਕਦਾ। ਜਿਸ ਵਿਅਕਤੀ ਨੂੰ ਐਮ ਡੀ ਜਾਂ ਹੋਲ ਟਾਈਮ ਡਾਇਰੈਕਟਰ ਬਣਾਇਆ ਜਾ ਰਿਹਾ ਹੈ, ਉਹ ਘੱਟੋ-ਘੱਟ ਗ੍ਰੈਜੂਏਟ ਹੋਣਾ ਚਾਹੀਦਾ ਅਤੇ ਬੈਂਕਿੰਗ, ਕੋਆਪਰੇਟਿਵ ਬੈਂਕਿੰਗ, ਚਾਰਟਰਡ ਜਾਂ ਕਾਸਟ ਅਕਾਊਂਟੈਂਟ, ਐਮ ਬੀ (ਫਾਈਨੈਂਸ) ਜਾਂ ਕਿਸੇ ਵਿਸ਼ੇ ਦਾ ਪੋਸਟ ਗ੍ਰੈਜੂਏਟ ਹੋਣਾ ਚਾਹੀਦਾ ਹੈ। ਬੈਂਕਿੰਗ ਖੇਤਰ ਵਿੱਚ ਉਸ ਵਿਅਕਤੀ ਨੂੰ ਘੱਟੋ-ਘੱਟ ਮਿਡਲ ਜਾਂ ਸੀਨੀਅਰ ਮੈਨੇਜਮੈਂਟ ਪੱਧਰ ਉੱਤੇ ਅੱਠ ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

# ਡੈਲਟਾ ਪਲੱਸ ਦੀ ਆਮਦ ਪਿੱਛੋਂ ਪੰਜਾਬ ਸਰਕਾਰ ਵੱਲੋਂ ਚੌਕਸੀ ਦੇ ਨਵੇਂ ਹੁਕਮ ਜਾਰੀ

**ਚੰਡੀਗੜ੍ਹ।** ਕੋਰੋਨਾ ਵਾਇਰਸ ਦੇ ਡੈਲਟਾ ਪਲੱਸ ਦੇ ਕੇਸ ਪੰਜਾਬ ਵਿੱਚ ਮਿਲਣ ਪਿੱਛੋਂ ਰਾਜ ਦੀਚੀਫਸੈਕਟਰੀ ਸ਼੍ਰੀਮਤੀ ਵਿੰਨੀ ਮਹਾਜਨ ਨੇ ਡੈਲਟਾ ਪਲੱਸ, ਜਿਹੜਾਕੋਵਿਡ ਦਾ ਤੇਜ਼ੀ ਨਾਲ ਫੈਲਣ ਵਾਲਾ ਰੂਪ ਹੈ,ਨੂੰ ਕੰਟਰੋਲ ਕਰਨਲਈ ਨਿਗਰਾਨੀ ਵਧਾਉਣ ਦੇ ਨਾਲ ਵੱਡੇ ਪੱਧਰ ਉੱਤੇ ਸੰਪਰਕ ਟਰੇਸਿੰਗ ਤੇ ਟੈਸਟਿੰਗ ਨੂੰ ਯਕੀਨੀ ਕਰਨ ਲਈ ਸਰਕਾਰੀ ਅਮਲੇ ਨੂੰ ਚੌਕਸ ਰਹਿਣ ਦੇ ਨਵੇਂ ਨਿਰਦੇਸ਼ ਦਿੱਤੇ ਹਨ।



ਅੱਜ ਏਥੇ ਕੋਵਿਡ ਰਿਸਪਾਂਸ ਗਰੁੱਪ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਚੀਫਸੈਕਟਰੀਵਿੰਨੀ ਮਹਾਜਨ ਨੇ ਕਿਹਾ ਕਿਪੰਜਾਬ ਵਿੱਚ ਡੈਲਟਾ ਪਲੱਸ ਵੇਰੀਐਂਟ ਦੇ ਕੁਝ ਕੇਸਮਿਲੇ ਹਨ, ਜਿਨ੍ਹਾਂ ਵਿੱਚੋਂ ਪਟਿਆਲਾ ਅਤੇ ਲੁਧਿਆਣਾ ਵਿੱਚ 1-1 ਕੇਸ ਮਿਲਿਆ ਹੈ, ਪਰਹਾਲਤ ਨੂੰ ਧਿਆਨ ਵਿੱਚਰੱਖ ਕੇ ਇਸ ਵਾਇਰਸ ਦੇ ਨਵੇਂ ਰੂਪ ਨੂੰ ਫੈਲਣ ਤੋਂ ਰੋਕਣ ਲਈ ਚੌਕਸੀ ਵਧਾਉਣ ਅਤੇ ਵੱਡੇ ਪੱਧਰ ਉੱਤੇ ਸੰਪਰਕ ਟਰੇਸਿੰਗ ਤੇ ਟੈਸਟਿੰਗ ਦਾ ਫੈਸਲਾ ਲਿਆ ਗਿਆ ਹੈ।

ਚੀਫਸੈਕਟਰੀ ਨੇ ਲੈਬਾਟਰੀਆਂ ਵਿੱਚ ਡਾਟਾ ਪ੍ਰੋਸੈਸਿੰਗ ਵਿੱਚ ਲੱਗਦਾ ਸਮਾਂ ਬਚਾਉਣ ਲਈ ਕੋਵਿਡ ਸੈਂਪਲਾਂ ਉੱਤੇ ਬਾਰ ਕੋਡ ਲਾਉਣ ਦੇ ਹੁਕਮ ਦਿੱਤੇ ਹਨ ਤਾਂ ਜੋ ਲੈਬਸ ਵਿੱਚ ਡਾਟਾ ਪ੍ਰਕਿਰਿਆ ਸਵੈ-ਚਾਲਿਤ ਕੀਤੀ ਜਾਵੇ ਤੇ ਰਿਪੋਰਟ ਦੇ ਨਤੀਜੇਦਾ ਸਮਾਂ ਘਟਾਇਆ ਜਾਵੇ।ਕੋਰੋਨਾ ਦੀ ਤੀਜੀ ਲਹਿਰ ਬਾਰੇਚੀਫਸੈਕਟਰੀ ਨੇ ਕਿਹਾ ਕਿ ਇਸ ਦੇ ਟਾਕਰੇ ਲਈ ਨੀਤੀ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ (ਆਈ ਸੀ ਐਮ ਆਰ) ਨੇ ਡਰਾਈ ਸਵੈਬ ਟੈਸਟਿੰਗ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਵਿੱਚ ਐਕਸਟ੍ਰੈਕਸ਼ਨ ਨਾਲ ਸੈਂਪਲ ਦੀ ਲੋੜ ਨਹੀਂ ਪੈਂਦੀ।

# ਸਿਕੰਦਰ ਸਿੰਘ ਮਲੂਕਾ ਵੱਲੋਂ ਮੁਲਾਜਮ ਵਿੰਗ ਦੇ ਜੱਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ।** ਸ਼੍ਰੋਮਣੀ ਅਕਾਲੀ ਦਲ ਦੇ ਮੁਲਾਜਮ ਵਿੰਗ ਦੇ ਕੋਆਰਡੀਨੇਟਰ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਮੁਲਾਜਮ ਵਿੰਗ ਦੇ ਪ੍ਰਧਾਨ ਈਸ਼ਰ ਸਿੰਘ ਮੰਝਪੁਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਮੁਲਾਜਮ ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ।




ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਿਕੰ-ਦਰ ਸਿੰਘ ਮਲੂਕਾ ਨੇ ਦੱਸਿਆ ਕਿ ਪਿਛਲੇ ਲੰਮੇ ਸਮੇ ਤੋਂ ਪਾਰਟੀ ਨਾਲ ਜੁੜੇ ਮੁਲਾਜਮ ਆਗੂਆਂ ਨੂੰ ਜਥੇਬੰਦਕ ਢਾਂਚੇ ਵਿੱਚ ਸ਼ਾਮਲ ਕੀਤਾ ਗਿਆ ਹੈ। ਉਹਨਾ ਦੱਸਿਆ ਕਿ ਤਜਿੰਦਰ ਸਿੰਘ ਸੰਘਰੇੜੀ ਨੂੰ ਵਿੰਗ ਦਾ ਮੁੱਲ ਸਲਾਹਕਾਰ ਅਤੇ ਜਗਦੀਸ਼ ਕੁਮਾਰ ਨੂੰ ਵਿੰਗ ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਜਿਹਨਾਂ ਮੁਲਾਜਮ ਆਗੂਆਂ ਨੂੰ ਮੁਲਾਜਮ ਵਿੰਗ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ ਉਹਨਾਂ ਵਿੱਚ ਗੁਰਚਰਨ ਸਿੰਘ ਕੌਲੀ, ਦਰਸ਼ਨ ਸਿੰਘ ਹੁਸ਼ਿਆਰੁਪਰ, ਹਕੀਕਤ ਸਿੰਘ ਟੇਰਕਿਆਣਾ, ਗੁਰਵੇਲ ਸਿੰਘ ਬੱਲਪੁਰੀਆ, ਸੁਖਦੇਵ ਸਿੰਘ ਦਕੋਹਾ, ਬੀ.ਐਸ. ਸੇਖੋਂ ਪਟਿਆਲਾ, ਭਜਨ ਸਿੰਘ ਖੋਖਰ, ਸਵਿੰ-ਦਰ ਸਿੰਘ ਲੱਖੋਵਾਲ, ਸੁੱਚਾ ਸਿੰਘ ਬਬਰੀ, ਸੁਰਜੀਤ ਸਿੰਘ ਸੈਣੀ, ਸ਼ੁਸ਼ੀਲ ਚੋਪੜਾ, ਜਗਤਾਰ ਸਿੰਘ ਧੂੜਕੋਟ, ਸ਼ੇਰ ਸਿੰਘ ਬਾੜੇਵਾਲ, ਮਲਕੀਤ ਸਿੰਘ ਰੈਲੇ, ਫਤਿਹ ਸਿੰਘ ਗਰੇਵਾਲ, ਰਣਜੀਤ ਸਿੰਘ ਮਾਨ ਅਤੇ ਬਲਦੇਵ ਸਿੰਘ ਮੰਡੇਰ ਦੇ ਨਾਮ ਸ਼ਾਮਲ ਹਨ। ਉਹਨਾਂ ਦੱਸਿਆ ਕਿ ਜਿਹਨਾਂ ਮੁਲਾਜਮ ਆਗੂਆਂ ਨੂੰ ਵਿੰਗ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ ਉਹਨਾਂ ਵਿੱਚ ਸ਼੍ਰੀਮਤੀ ਸਤਵੰਤ ਕੌਰ ਜੌਹਲ, ਵਿਨੋਦ ਸਲਵਾਨ ਜਲੰਧਰ, ਇੰਦਰਜੀਤ ਸਿੰਘ ਅਕਾਲ, ਨਰਿੰਦਰ ਸਿੰਘ ਰੌਣੀ, ਨਿਰਭੈ ਸਿੰਘ ਕਰਾਰਵਾਲਾ, ਜਸਵੀਰ ਸਿੰਘ ਗੋਸਲ, ਗੁਰਦੇਵ ਸਿੰਘ ਹੁੰਦਲ, ਗੁਰ-ਚਰਨ ਸਿੰਘ ਅਕਲੀਆ, ਰਵਿੰਦਰ ਸਿੰਘ ਜੱਗਾ ਪਠਾਨਕੋਟ, ਅਵਤਾਰ ਸਿੰਘ ਵਿਰਦੀ, ਸੁਰਿੰਦਰਪਾਲ ਸਿੰਘ ਮਾਨ, ਮਹਿੰਦਰ ਸਿੰਘ ਮਲੋਆ, ਉਜਾਗਰ ਸਿੰਘ ਦਿਵਾਲੀ, ਰਣਜੀਤ ਸਿੰਘ ਰਾਣਾ, ਗੁਰਚਰਨ ਸਿੰਘ ਪਟਿਆਲਾ, ਅਮਰਜੀਤ ਸਿੰਘ ਬਾਬਾ, ਅਮਰਜੀਤ ਸਿੰਘ ਸੰਧੂ ਰੋਪੜ ਗੁਰਬਚਨ ਸਿੰਘ ਬੇਲੀ ਅਤੇ ਗੁਰਮੀਤ ਸਿੰਘ ਮੋਹੀ ਦੇ ਨਾਮ ਸ਼ਾਮਲ ਹਨ।

ਮਲੂਕਾ ਨੇ ਦੱਸਿਆ ਕਿ ਜਿਹਨਾਂ ਆਗੂਆਂ ਨੂੰ ਵਿੰਗ ਦਾ ਮੀਤ ਪ੍ਰਧਾਨ ਬਣਾਇਆ ਗਿਆ ਹੈ ਉਹਨਾਂ ਵਿੱਚ ਮੰਗਲ ਸਿੰਘ ਠਰੂ, ਉਜਾਗਰ ਸਿੰਘ ਕੌਲੀ ਪਟਿਆਲਾ, ਅਮਰਜੀਤ ਸਿੰਘ ਰੰਧਾਵਾ, ਪ੍ਰੀਤਮ ਸਿੰਘ ਪਠਾਨਕੋਟ, ਲਾਲ ਸਿੰਘ ਭਗਤਾ, ਭਗਵਾਨ ਦਾਸ ਤਲਵਾੜਾ, ਰਛਪਾਲ ਸਿੰਘ, ਅਮਰੀਦ ਸਿੰਘ ਹਥਨ, ਬੇਅੰਤ ਸਿੰਘ ਨਵਾਂਸ਼ਹਿਰ, ਗੁਰਦਾਸ ਸਿੰਘ ਮੀਆਂਪੁਰ, ਅਮਰਜੀਤ ਸਿੰਘ ਸਮੀਰੋਵਾਲ, ਹਰਜੀਤ ਸਿੰਘ ਝੰਡੇਰ, ਸੁਭਾਸ ਚੰਦ ਅਤੇ ਪ੍ਰਿਤਪਾਲ ਸਿੰਘ ਘੁਡਾਣੀ ਦੇ ਨਾਮ ਸਾਮਲ ਹਨ। ਜਿਹਨਾਂ ਮੁਲਾਜਮ ਆਗੂਆਂ ਨੂੰ ਵਿੰਗ ਦਾ ਜੂਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਉਹਨਾਂ ਵਿੱਚ ਬਲਜੀਤ ਸਿੰਘ ਮਾਨ, ਚਰਨਜੀਤ ਸਿੰਘ ਡਾਲਾ, ਸੁਰਜੀਤ ਸਿੰਘ ਕੰਬੋਜ ਪਟਿਆਲਾ, ਹਰਜਿੰਦਰ ਸਿੰਘ ਕੋਹਲੀ, ਜਗਦੇਵ ਸਿੰਘ ਗਰੇਵਾਲ, ਰਾਮ ਕ੍ਰਿਸ਼ਨ, ਲਖਵੀਰ ਸਿੰਘ ਕਰਤਾਰਪੁਰ, ਅਜਮੇਰ ਸਿੰਘ ਤਲਵੰਡੀ, ਅਮਰੀਕ ਸਿੰਘ ਫੇਰੂਮਾਨ, ਜੋਗਿੰਦਰ ਸਿੰਘ ਥੀਵਾ, ਸੇਵਾ ਸਿੰਘ ਗਿਲਕੋਵੈਲੀ, ਗੁਰਮੀਤ ਸਿੰਘ ਠੌਣਾਂ ਅਤੇ ਕੁਲਤਾਰ ਸਿੰਘ ਮੋਹਾਲੀ ਦੇ ਨਾਮ ਸ਼ਾਮਲ ਹਨ।

ਮਲੂਕਾ ਨੇ ਦੱਸਿਆ ਕਿ ਜਿਹਨਾਂ ਆਗੂਆਂ ਨੂੰ ਮੁਲਾਜਮ ਵਿੰਗ ਦਾ ਸਕੱਤਰ ਬਣਾਇਆ ਗਿਆ ਹੈ ਉਹਨਾਂ ਵਿੱਚ ਐਮ.ਐਲ. ਕਪਲਾ, ਅਮਰਜੀਤ ਸਿੰਘ ਝੱਜੀ ਪਿੰਡ, ਅਜੀਤ ਸਿੰਘ ਨਵਾਂਸ਼ਹਿਰ, ਰਤਨ ਚੰਦ, ਰਾਮ ਗੋਪਾਲ, ਪਰਮਜੀਤ ਸਿੰਘ ਚੀਮਾ, ਬੂੜ ਸਿੰਘ, ਕਰਨੈਲ ਸਿੰਘ ਮਠਾਰੂ, ਹਾਕਮ ਸਿੰਘ ਮਾਛੀਕੇ, ਜਗਦੇਵ ਸਿੰਘ ਬੋੜਾ, ਹਰਵਿੰਦਰ ਸਿੰਘ ਸੂਸ, ਅਵਤਾਰ ਸਿੰਘ, ਕਰਨੈਲ ਸਿੰਘ ਰਾਜਗੜ੍ਹ, ਡਾ. ਬਲਵੀਰ ਸਿੰਘ ਸਮੀਰੋਵਾਲ, ਮਨਜੀਤ ਸਿੰਘ ਬਾਜਵਾ, ਰਣਜੀਤ ਸਿੰਘ ਅਤੇ ਸ਼੍ਰੀ ਪਿਆਰੇ ਲਾਲ ਦੇ ਨਾਮ ਸ਼ਾਮਲ ਹਨ।

ਉਹਨਾਂ ਦੱਸਿਆ ਕਿ ਜਿਹਨਾਂ ਆਗੂਆਂ ਨੂੰ ਵਿੰਗ ਦਾ ਜਥੇਬੰਦਕ ਸਕੱਤਰ ਬਣਾਇਆ ਗਿਆ ਹੈ ਉਹਨਾਂ ਵਿੱਚ ਬਲਵੀਰ ਸਿੰਘ ਕਹਾਰਪੁਰੀ, ਸੁਖਵਿੰਦਰ ਸਿੰਘ ਰੰਗੀਆ, ਸ਼ਿਵ ਕੁਮਾਰ ਸੇਤੀਆ, ਸਵਰਨ ਸਿੰਘ ਉਮਰਪੁਰ, ਪ੍ਰਿੰਸੀਪਲ ਰਾਮ ਸਿੰਘ, ਗੁਰਪ੍ਰੀਤ ਸਿੰਘ ਸੋਢੀ, ਗੁਰਦੀਪ ਸਿੰਘ, ਰਾਮਜੀਤ, ਅਮਰਦਾਸ ਸ਼ਰਮਾ ਰੋਪੜ੍ਹ, ਜਗਦੇਵ ਸਿੰਘ ਮਾਨ, ਬਲਦੇਵ ਸਿੰਘ ਮਾਨਸਾ, ਇੰਦਰਜੀਤ ਸਿੰਘ ਬਾਲਾ, ਰਵਿੰਦਰ ਸਿੰਘ ਹੁਸੈਨਪੁਰ, ਸੁਰਿੰਦਰ ਸਿੰਘ, ਗੁਰਪਾਲ ਸਿੰਘ, ਹਰਮੀਤ ਸਿੰਘ ਮੌਲੀ ਅਤੇ ਸੁਖਦੇਵ ਸਿੰਘ ਉਬੋਵਾਲ ਦੇ ਨਾਮ ਸ਼ਾਮਲ ਹਨ।

# ਕਾਂਗਰਸ ਦਾ ਕਲੇਸ਼ ਹੇਠਾਂ ਤੱਕ ਚਲਾ ਗਿਆ: ਮਨਪ੍ਰੀਤ ਬਾਦਲ ਦੇ ਸਾਲੇ ਉੱਤੇ ਰਾਜਾ ਵੜਿੰਗ ਦਾ ਭਰਵਾਂ ਹਮਲਾ, ਅੱਗੋਂ ਜਵਾਬੀ ਚਾਂਦਮਾਰੀ

**ਮੁਕਤਸਰ ਸਾਹਿਬ।** ਬਠਿੰਡਾ ਤੋਂ ਸਾਬਕਅਕਾਲੀ ਵਿਧਾਇਕ ਸਰੂਪ ਚੰਦ ਸਿੰਗਲਾ ਵੱਲੋਂ ਵੀਡੀਓ ਬਣਾ ਕੇ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਲੇ ਜਗਜੀਤ ਸਿੰਘ ਜੌਹਲਉਰਫ 'ਜੋਜੋ' ਉੱਤੇਨਾਜਾਇਜ਼ ਮਾਇਨਿੰਗ ਦੇ ਦੋਸ਼ ਲਾਉਣ ਦਾ ਮੁੱਦਾ ਚਰਚਾ ਵਿੱਚ ਆ ਗਿਆ ਹੈ। ਇਸ ਦੀ ਕੋਈ ਜਾਂਚ ਹੋਵੇਗੀ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਗਿੱਦੜਬਾਹਾ ਹਲਕੇ ਦੇ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸਾਲੇ ਵਿਚਕਾਰ ਫੇਸਬੁੱਕ ਉੱਤੇ ਸ਼ਬਦੀ ਜੰਗ ਸ਼ੁਰੂ ਹੋ ਗਈ ਹੈ।ਅੱਜ ਐਤਵਾਰ ਨੂੰ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਕਾਲੀ ਦਲ ਦੇ ਵਿਧਾਇਕ ਸਰੂਪ ਚੰਦ ਸਿੰਗਲਾ ਵੱਲੋਂਬਣਾਈ ਵੀਡੀਓ ਆਪਣੇ ਫੇਸਬੁੱਕ ਪੇਜ ਉੱਤੇ ਸ਼ੇਅਰ ਕਰਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਇਸ ਦੀ ਜਾਂਚ ਦੀ ਮੰਗ ਕੀਤੀ ਤਾਂ ਇਸ ਵਿਵਾਦ ਵਿੱਚ ਕਾਂਗਰਸ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਵੀ ਕੁੱਦ ਪਿਆ ਅਤੇ ਕਾਂਗਰਸੀ ਵਿਧਾਇਕ ਰਾਜਾ ਵੜਿੰਗ ਵਲੋਂ ਨਜਾਇਜ਼ ਮਾਇਨਿੰਗ ਦੀ ਸ਼ੇਅਰ ਕੀਤੀ ਵੀਡੀਓ ਰੀ-ਟਵੀਟ ਕਰਕੇ ਉਸ ਦੀ ਜਾਂਚ ਦੀ ਮੰਗ ਲਈ ਰਾਜਾ ਵੜਿੰਗ ਦਾ ਸਮਰਥਨ ਕੀਤਾ। ਰਾਜਾ ਵੜਿੰਗ ਨੇ ਆਪਣੇ ਟਵਿੱਟਰ ਅਕਾਊਂਟ ਉੱਤੇ ਜਿਸ ਸਟਿੰਗ ਆਪਰੇਸ਼ਨ ਦੀ ਵੀਡੀਓ ਸ਼ੇਅਰ ਕੀਤੀ ਹੈ, ਉਹ ਸਟਿੰਗ ਅਪਰੇਸ਼ਨ ਬਠਿੰਡਾ ਤੋਂ ਸਾਬਕਾ ਅਕਾਲੀ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਕੀਤਾ ਅਤੇ ਦੋਸ਼ ਲਾਏ ਹਨ ਕਿ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਉਨ੍ਹਾਂ ਦਾ ਸਾਲਾ ਜੋਜੋ ਜੌਹਲ ਸਰਕਾਰੀ ਜਗ੍ਹਾਤੋਂ ਨਜਾਇਜ਼ ਮਾਈਨਿੰਗ ਕਰਦੇ ਹਨ। ਇਸ ਬਾਰੇ ਉਨ੍ਹਾਂ ਨੇ ਇੱਕ ਵੀਡੀਓ ਫੇਸਬੁੱਕ ਉੱਤੇਸ਼ੇਅਰ ਕੀਤੀ ਸੀ। ਸਰੂਪ ਸਿੰਗਲਾ ਦੀ ਇਸ ਵੀਡੀਓ ਨੂੰ ਰਾਜਾ ਵੜਿੰਗ ਨੇ ਆਪਣੇ ਟਵਿੱਟਰ ਤੇ ਫੇਸਬੁੱਕ ਪੇਜ ਉੱਤੇ ਸ਼ੇਅਰ ਕਰ ਕੇ ਲਿਖਿਆ: 'ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋਣਾ ਚਾਹੀਦਾ ਹੈ'। ਉਨ੍ਹਾਂ ਕਿਹਾ ਕਿ ਇਸ ਦੇ ਪਿੱਛੇ ਲੁਕੇ ਲੋਕਾਂ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ, ਜਿਨ੍ਹਾਂ ਕਰਕੇ ਕਾਂਗਰਸ ਲਗਾਤਾਰ ਹੇਠਾਂ ਵੱਲ ਜਾ ਰਹੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਜਿਨ੍ਹਾਂ ਲੋਕਾਂ ਉੱਤੇ ਦੋਸ਼ ਹਨ, ਉਨ੍ਹਾਂ ਦੀ ਜਾਂਚ ਹੋਣੀ ਅਤੇ ਦੋਸ਼ੀਆਂ ਉੱਤੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ।ਏਸੇ ਵੀਡੀਓ ਨੂੰ ਰੀਟਵੀਟ ਕਰ ਕੇ ਲੁਧਿਆਣਾ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਵੀ ਰਾਜਾ ਵੜਿੰਗ ਦੇ ਸਮਰਥਨ ਵਿੱਚ ਆ ਗਏ ਅਤੇ ਉਨ੍ਹਾਂ ਨੇ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਉੱਤੇ



ਲੱਗਦੇ ਦੋਸ਼ਾਂ ਵਾਲੀ ਵੀਡੀਓ ਦੀ ਬਾਕਾਇਦਾ ਜਾਂਚ ਅਤੇ ਇਸ ਉੱਤੇ ਕਾਰਵਾਈ ਕਰਨ ਦੀ ਹਾਮੀ ਭਰੀ ਹੈ।ਇਸ ਦੇ ਬਾਅਦ ਐਨ ਉਹੀ ਸ਼ਬਦ, ਜਿਹੜੇ ਰਾਜਾ ਵੜਿੰਗ ਨੇ ਆਪਣੇ ਫੇਸਬੁੱਕ ਪੇਜ ਉੱਤੇ ਇਸ ਵੀਡੀਓ ਦੇ ਨਾਲ ਲਿਖੇ ਸਨ, ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸਾਲੇ ਜੈਜੀਤ ਜੌਹਲ ਨੇ ਆਪਣੇ ਫੇਸਬੁੱਕ ਪੇਜ ਉੱਤੇ ਲਿਖੇ ਅਤੇ ਇਕ ਵੀਡੀਓ ਸ਼ੇਅਰ ਕੀਤੀ ਹੈ, ਜਿਹੜੀ ਉਸ ਘਟਨਾ ਬਾਰੇ ਹੈ, ਜਦੋਂ ਪਿੱਛੇ ਜਿਹੇ ਫਰੀਦਕੋਟ ਜਿਲੇ ਦੇ ਇਕ ਕਾਰੋਬਾਰੀ ਨੇ ਖੁਦਕਸ਼ੀ ਕੀਤੀ ਤੇ ਖੁਦਕਸ਼ੀ ਨੋਟ ਵਿੱਚ ਰਾਜਾ ਵੜਿੰਗ ਦੇ ਸਾਲੇ ਡੰਪੀ ਵਿਨਾਇਕ ਉੱਤੇ ਦੋਸ਼ ਲਾਏ ਸਨ। ਓਦੋਂ ਡੰਪੀ ਵਿਨਾਇਕਦੇ ਖਿਲਾਫ ਬਾਕਾਇਦਾ ਕੇਸ ਦਰਜ ਹੋਇਆ ਸੀ। ਇਸ ਵੀਡੀਓ ਨੂੰ ਸ਼ੇਅਰ ਕਰ ਕੇ ਜੈਜੀਤ ਜੌਹਲ ਉਰਫ ਜੋਜੋ ਨੇ ਲਿਖਿਆ ਕਿ 'ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਜੀ, ਜਿਨ੍ਹਾਂ ਲੋਕਾਂਖਿਲਾਫ ਇਹ ਇਲਜ਼ਾਮ ਹਨ, ਉਨ੍ਹਾਂ ਦੀ ਜਾਂਚ ਹੋਣੀ ਤੇ ਦੋਸ਼ੀਆਂ ਦੇ ਖਿਲਾਫ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ।'

# ਪਤੀ-ਪਤਨੀ ਦੇ ਰਿਸ਼ਤੇ ਦੀ ਅਨੋਖੀ ਕਹਾਣੀ: ਟੀ ਵੀ ਉਤੇ ਵਿਆਹ ਦਾ ਸੀਨ ਦੇਖ ਕੇ 12 ਸਾਲ ਬਾਅਦ ਫਿਰ ਇਕੱਠੇ ਹੋ ਗਏ

**ਨਿਊ ਯਾਰਕ।** ਅਮਰੀਕਾ ਵਿੱਚ ਕਨੈਕਟੀਕਟ ਦੇ ਪੀਟਰ ਮਾਰਸ਼ੇਲ (56) ਅਲਜ਼ਾਈਮਰ ਤੋਂ ਪੀੜਤ ਹਨ। 2009 ਵਿੱਚ ਉਨ੍ਹਾਂ ਦਾ ਵਿਆਹ ਲੀਸਾ ਨਾਲ ਹੋਇਆ, ਪਰ ਬਿਮਾਰੀ ਕਾਰਨ ਉਹ ਭੁੱਲ ਗਏ ਕਿ ਉਨ੍ਹਾਂ ਦਾ ਵਿਆਹ ਹੋ ਚੁੱਕਾ ਹੈ। ਉਨ੍ਹਾਂ ਨੂੰ ਏਨਾ ਯਾਦ ਰਿਹਾ ਕਿ ਲੀਸਾ ਉਨ੍ਹਾਂ ਦਾ ਬੇਹੱਦ ਖਿਆਲ ਰੱਖਦੀ ਹੈ।



ਬੀਤੇ ਅਪ੍ਰੈਲ ਵਿੱਚ ਪੀਟਰ ਆਪਣੇ ਘਰ ਟੀ ਵੀ ਦੇਖ ਰਹੇ ਸਨ, ਜਿਸ ਵਿੱਚ ਇੱਕ ਵਿਆਹ ਦਾ ਸੀਨ ਚੱਲ ਰਿਹਾ ਸੀ। ਪੀਟਰ ਨੇ ਉਸੇ ਵੇਲੇ ਤੈਅ ਕੀਤਾ ਕਿ ਉਹ ਆਪਣੀ ਪਸੰਦੀਦਾ ਦੋਸਤ ਨਾਲ ਵਿਆਹ ਕਰਨਗੇ। ਉਸ ਨੇ ਲੀਸਾ ਨੂੰ ਫਿਰ ਤੋਂ ਪ੍ਰਪੋਜ਼ ਕੀਤਾ ਅਤੇ ਦੋਵੇਂ ਫਿਰ ਇਕੱਠੇ ਹੋ ਗਏ। ਖਾਸ ਗੱਲ ਇਹ ਕਿ ਪੀਟਰ ਨੂੰ ਅਜੇ ਵੀ ਯਾਦ ਨਹੀਂ ਕਿ ਲੀਸਾ ਨਾਲ ਉਸ ਦਾ ਵਿਆਹ ਪਹਿਲਾਂ ਹੋ ਚੁੱਕਾ ਹੈ। ਸਾਲ 2001 ਵਿੱਚ ਪੀਟਰ ਅਤੇ ਲੀਸਾ ਪੈਨਸਿਲਵੇਨੀਆ ਵਿੱਚ ਇੱਕ-ਦੂਸਰੇ ਦੇ ਗੁਆਂਢੀ ਸਨ। ਦੋਵਾਂ ਦਾ ਤਲਾਕ ਹੋਇਆ, ਜਿਸ ਦੇ ਬਾਅਦ ਉਨ੍ਹਾਂ ਦੀਆਂ ਨਜ਼ਦੀਕੀਆਂ ਵੱਧ ਗਈਆਂ। ਫਿਰ ਪੀਟਰ ਕੰਮ ਦੇ ਸਿਲਸਿਲੇ ਵਿੱਚ ਕਨੈਕਟੀਕਟ ਗਏ, ਪਰ ਦੋਵੇਂ ਅਗਲੇ ਅੱਠ ਸਾਲ ਇੱਕ-ਦੂਸਰੇ ਨਾਲ ਜੁੜੇ ਰਹੇ। 13 ਅਗਸਤ 2009 ਵਿੱਚ ਦੋਵਾਂ ਨੇ ਵਿਆਹ ਕਰ ਲਿਆ, ਪਰ 2017 ਦੇ ਸ਼ੁਰੂ ਵਿੱਚ ਪੀਟਰ ਚੀਜ਼ਾਂ ਭੁੱਲਣ ਲੱਗੇ। ਉਨ੍ਹਾਂ ਨੂੰ ਸ਼ਬਦ ਯਾਦ ਰੱਖਣ ਵਿੱਚ ਵੀ ਮੁਸ਼ਕਲ ਹੋਣ ਲੱਗੀ। ਕੁਝ ਸਮੇਂ ਬਾਅਦ ਡਾਕਟਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਅਲਜ਼ਾਈਮਰ ਹੈ, ਪਰ ਵਿਗੜਦੀ ਯਾਦਾਸ਼ਤ ਦੇ ਬਾਵਜੂਦ ਪੀਟਰ ਨੂੰ ਲੀਸਾ ਯਾਦ ਰਹੀ। 2020 ਵਿੱਚ ਲੀਸਾ ਨੇ ਆਪਣਾ ਕੰਮ ਛੱਡ ਦਿੱਤਾ ਅਤੇ ਪੂਰੀ ਤਰ੍ਹਾਂ ਪੀਟਰ ਦੀ ਦੇਖਭਾਲ ਕਰਨ ਵਿੱਚ ਲੱਗ ਗਈ। ਲੀਸਾ ਦੱਸਦੀ ਹੈ, 2021 ਦੇ ਸ਼ੁਰੂ ਵਿੱਚ ਇੱਕ ਦਿਨ ਪੀਟਰ ਟੀ ਵੀ ਦੇਖ ਰਹੇ ਸਨ। ਅਚਾਨਕ ਉਹ ਉਠੇ ਅਤੇ ਮੈਨੂੰ ਕਿਹਾ: ਚਲੋ। ਮੈਂ ਪੁੱਛਿਆ: ਕੀ? ਉਸ ਨੇ ਟੀ ਵੀ ਵੱਲ ਇਸ਼ਾਰਾ ਕੀਤਾ ਤਾਂ ਮੈਂ ਪੁੱਛਿਆ, ਕੀ ਤੁਸੀਂ ਮੇਰੇ ਨਾਲ ਵਿਆਹ ਕਰਨਾ ਚਾਹੁੰਦੇ ਹੋ। ਉਸ ਦਾ ਜਵਾਬ ਹਾਂ ਵਿੱਚ ਸੀ। ਮੈਂ ਵੀ ਤੁਰੰਤ ਹਾਂ ਕਰ ਦਿੱਤੀ। ਇਸ ਵਿਆਹ ਦੀਆਂ ਤਿਆਰੀਆਂ ਲੀਸਾ ਦੀ ਬੇਟੀ ਸਾਰਾ (32) ਨੇ ਕੀਤੀਆਂ ਅਤੇ ਉਸੇ ਨੇ ਸਾਰਿਆਂ ਨਾਲ ਗੱਲ ਕੀਤੀ, ਮਹਿਮਾਨਾਂ ਨੂੰ ਬੁਲ-ਾਇਆ ਅਤੇ ਮਹਿਮਾਨਾਂ ਦੀ ਮੌਜੂਦਗੀ ਵਿੱਚ ਪੀਟਰ ਅਤੇ ਲੀਸਾ ਪਤੀ-ਪਤਨੀ ਬਣ ਗਏ। ਲੀਸਾ ਦੱਸਦੀ ਹੈ, "2017 ਵਿੱਚ ਪੀਟਰ ਦੀ ਯਾਦਾਸ਼ਤ ਜਾਣ ਲੱਗੀ ਤਾਂ ਬਹੁਤੀਆਂ ਗੱਲਾਂ ਭੁੱਲ ਗਏ, ਪਰ ਉਨ੍ਹਾਂ ਨੂੰ ਮੈਂ ਯਾਦ ਸੀ। ਮੈਂ ਲਗਾਤਾਰ ਉਨ੍ਹਾਂ ਦੇ ਕੋਲ ਰਹਿੰਦੀ ਸੀ। ਉਹ ਅੱਜ ਵੀ ਨਹੀਂ ਜਾਣਦੇ ਕਿ ਕਿ ਮੈਂ ਹੀ ਉਨ੍ਹਾਂ ਦੀ ਪਹਿਲੀ ਪਤਨੀ ਹਾਂ। ਮੈਂ ਬੇਹੱਦ ਖੁਸ਼ਕਿਸਮਤ ਹਾਂ, ਕਿਉਂਕਿ ਮੇਰਾਇੱਕ ਹੀ ਵਿਅਕਤੀ ਨਾਲ ਦੋ ਵਾਰ ਵਿਆਹ ਹੋਇਆ।"

# ਲਿੰਕ ਉਤੇ ਕਲਿਕ ਕਰਦੇ ਸਾਰ ਏ ਐਸ ਆਈ ਦੇ ਖਾਤੇ ਤੋਂ 83 ਹਜ਼ਾਰ ਰੁਪਏ ਨਿਕਲ ਗਏ

**ਫਿਲੌਰ।** ਪੰਜਾਬ ਪੁਲਸ ਅਕੈਡਮੀ ਫਿਲੌਰ ਵਿਚਲੇ ਏ ਐਸ ਆਈ ਦੇ ਖਾਤੇ ਵਿੱਚੋਂ ਸਾਈਬਰ ਠੱਗਾਂ ਨੇ 83 ਹਜ਼ਾਰ ਰੁਪਏ ਕਢਵਾ ਲਏ ਹਨ। ਪੀੜਤ ਏ ਐਸ ਆਈ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਤਾਂ ਜਾਂਚ ਦੇ ਬਾਅਦ ਸਾਈਬਰ ਕਰਾਈਮ ਪੁਲਸ ਨੇ ਥਾਣਾ ਫਿਲੌਰ ਵਿੱਚ ਪਰਚਾ ਦਰਜ ਕੀਤਾ ਹੈ। ਇਸ ਬਾਰੇ ਪੰਜਾਬ ਪੁਲਸ ਅਕੈਡਮੀ ਦੇ ਡਰਿਲ ਸਟਾਫ ਵਿੱਚ ਡਿਊਟੀ ਕਰ ਰਹੇ ਏ ਐਸ ਆਈ ਅਨਿਲ ਬਾਲੀ ਨੇ ਕਿਹਾ ਕਿ ਉਨ੍ਹਾਂ ਇੱਕ ਵੈਬਸਾਈਟ ਤੋਂ ਸਾਮਾਨ ਖਰੀਦਿਆ ਸੀ, ਜਿਸ ਦੀ ਪੇਮੈਂਟ ਉਹ ਆਨਲਾਈਨ ਕਰਨਾ ਚਾਹੁੰਦੇ ਸਨ, ਪਰ ਆਨਲਾਈਨ ਪੇਮੈਂਟ ਵਿੱਚ ਦਿੱਕਤ ਆ ਰਹੀ ਸੀ। ਇਸ ਪਿੱਛੋਂ ਉਨ੍ਹਾਂ ਨੇ ਗੂਗਲ ਤੋਂ ਕਸਟਮਰ ਕੇਅਰ ਨੰਬਰ ਕੱਢਿਆ ਤੇ ਉਸ ਉੱਤੇ ਕਾਲ ਕਰ ਦਿੱਤੀ ਤਾਂ ਦੋਸ਼ੀ ਨੇ ਕੁਝ ਦੇਰ ਬਾਅਦ ਇੱਕ ਲਿੰਕ ਆਉਣ ਦੀ ਗੱਲ ਕਹਿ ਕੇ ਫੋਨ ਕੱਟਿਆ। ਜਦ ਲਿੰਕ ਆਇਆ ਤਾਂ ਪੀੜਤ ਨੇ ਉਸ ਉੱਤੇ ਕਲਿਕ ਕੀਤਾ, ਜਿਸ ਦੇ ਬਾਅਦ ਉਸ ਦੇ ਅਕਾਊਂਟ ਤੋਂ ਪਹਿਲਾਂ ਤਾਂ ਪੇਮੈਂਟ ਹੋ ਗਈ, ਪਰ 24 ਘੰਟੇ ਬਾਅਦ ਉਸ ਦੇ ਅਕਾਊਂਟ ਵਿੱਚੋਂ ਕੁੱਲ 83 ਹਜ਼ਾਰ ਰੁਪਏ ਕੱਢੇ ਗਏ। ਇਸ ਦੇ ਬਾਅਦ ਪੀੜਤ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਨੇ ਸਾਈਬਰ ਸੈਲ ਦੀ ਮੱਦਦ ਨਾਲ ਦੋਸ਼ੀਆਂ ਦੀ ਪਛਾਣ ਕੀਤੀ, ਜਿਨ੍ਹਾਂ ਵਿੱਚ ਸੰਤੋਸ਼ੀ ਮਾਤਾ ਮੰਦਰ ਨੇੜੇ ਬੈਰਾਗੜ੍ਹ ਭੋਪਾਲ ਦੀ ਕੋਮਲ ਬਰਮਨ, ਪਿੰਡ ਬਮਹੋਰੀ



ਹਥਿਆਗੜ੍ਹ, ਕਟਨੀ, ਮੱਧ ਪ੍ਰਦੇਸ਼ ਦਾ ਪ੍ਰਕਾਸ਼ ਕੁਮਾਰ ਬੈਰਾਗ, ਸਿਹੋਰਾ ਰੋਡ ਖੈਰਮਾਈ ਮੰਦਰ ਮਿਧਰਸਾ ਕੈਲਵਾਸ਼ ਜਬਲਪੁਰ ਦਾ ਓਮ ਪ੍ਰਕਾਸ਼ ਤੇ ਹਰਿਆਣਾ, ਅੰਬਾਲਾ ਕੈਂਟ ਦੇ ਡਿਫੈਂਸ ਕਾਲੋਨੀ ਬਲਾਕ ਬੀ ਦਾ ਸੂਰਜ ਕੁਮਾਰ ਸ਼ਾਮਲ ਹਨ।

# ਮਨੁੱਖ ਦੇ ਡੀ ਐਨ ਏ ਵਿੱਚੋਂ ਕੋਰੋਨਾ ਵਾਇਰਸ ਦੇ 20 ਹਜ਼ਾਰ ਸਾਲ ਪੁਰਾਣੇ ਤੱਤ ਮਿਲੇ

**ਕੈਨਬਰਾ।** ਦੁਨੀਆ ਵਿੱਚ ਤਬਾਹੀ ਮਚਾ ਰਿਹਾ ਕੋਰੋਨਾ ਵਾਇਰਸ 20,000 ਸਾਲ ਤੋਂ ਵੱਧ ਸਮਾਂ ਪਹਿਲਾਂ ਪੂਰਬੀ ਏਸ਼ੀਆ ਵਿੱਚ ਆਪਣਾ ਅਸਰ ਪਾ ਚੁੱਕਾ ਹੈ, ਜਿਸ ਦੇ ਤੱਤਅੱਜ ਦੇ ਚੀਨ, ਜਾਪਾਨ ਅਤੇ ਵੀਅਤਨਾਮ ਦੇ ਲੋਕਾਂ ਦੇ ਡੀ ਐਨ ਏ ਵਿੱਚ ਪਾਏ ਗਏ ਹਨ।



ਇਸ ਅਧਿਐਨ ਵਿੱਚ ਇਨ੍ਹਾਂ ਖੇਤਰਾਂ ਵਿੱਚ ਆਧੁਨਿਕ ਆਬਾਦੀ ਦੇ 42 ਜੀਨਾਂ ਵਿੱਚ ਕੋਰੋਨਾ ਵਾਇਰਸ ਪਰਵਾਰ ਦੇ ਜੱਦੀ ਮੁਲਾਂਕਣ ਦੇ ਸਬੂਤ ਮਿਲੇ ਹਨ। ਕੋਰੋਨਾ ਵਾਇਰਸ ਪਰਵਾਰ ਨਾਲ ਸਬੰਧਤ ਮਾਰਸ ਤੇ ਸਾਰਸ ਵਾਇਰਸ ਵੀ ਸ਼ਾਮਲ ਹਨ, ਜਿਸ ਕਾਰਨ ਪਿਛਲੇ ਵੀਹ ਹਜ਼ਾਰ ਸਾਲਾਂ ਵਿੱਚ ਕਈ ਖਤਰਨਾਕ ਲਾਗ ਪੈਦਾ ਹੋਏ ਹਨ। ਰਿਪੋਰਟ ਅਨੁਸਾਰ ਵਿਸ਼ਵ ਮਹਾਮਾਰੀਆਂ ਮਨੁੱਖੀ ਇਤਿਹਾਸ ਜਿੰਨੀਆਂ ਹੀ ਪੁਰਾਣੀਆਂ ਹਨ ਅਤੇ ਸਿਰਫ 20ਵੀਂ ਸ਼ਤਾਬਦੀ ਦੇ ਇੰਫਲੂਏਂਜ਼ਾ ਵਾਇਰਸ ਦੀਆਂ ਤਿੰਨ ਕਿਸਮਾਂ 1918-20 ਵਾਲਾ 'ਸਪੈਨਿਸ਼ ਫਲੂ', 1957-58 ਵਾਲਾ 'ਏਸ਼ੀਅਨ ਫਲੂ' ਅਤੇ 1968-69 ਦਾ 'ਹਾਂਗਕਾਂਗ ਫਲੂ' ਵਿੱਚੋਂ ਹਰੇਕ ਨੇ ਕਹਿਰ ਮਚਾਉਂਦੇ ਹੋਏ ਲੱਖਾਂ ਲੋਕਾਂ ਦੀ ਜਾਨ ਲਈ ਸੀ।ਵਾਇਰਸ ਅਤੇ ਹੋਰ ਰੋਗ ਪੈਦਾ ਕਰਨ ਵਾਲੇ ਲਾਗ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਇਨ੍ਹਾਂ ਵਾਇਰਸਾਂ ਦੇ ਅਨੁਕੂਲ ਸਰੀਰ ਦੇ ਢਲਣ ਤੋਂ ਬਾਅਦ ਕਈ ਜੱਦੀ ਨਿਸ਼ਾਨ ਪਿੱਛੇ ਰਹਿ ਜਾਂਦੇ ਹਨ।

# ਚੌਲਾਂ ਦੇ ਸੰਸਾਰ ਕਾਰੋਬਾਰ ਵਿੱਚ ਭਾਰਤ ਨੇ ਪਾਕਿਸਤਾਨ ਨੂੰ ਪਛਾੜਿਆ

**ਲਾਹੌਰ।** ਪਾਕਿਸਤਾਨ ਨੂੰ ਕਈ ਹੋਰ ਮੁੱਦਿਆਂ ਪਿੱਛੋਂ ਸੰਸਾਰ ਬਾਜ਼ਾਰ ਵਿੱਚ ਇੱਕ ਹੋਰ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਬਾਰੇ ਪਾਕਿਸਤਾਨ ਵੱਖ-ਵੱਖ ਤਰ੍ਹਾਂ ਭਾਰਤ ਉੱਤੇ ਦੋਸ਼ ਲਾ ਰਿਹਾ ਹੈ।ਇਹ ਤਾਜ਼ਾ ਮੁੱਦਾ ਸੰਸਾਰ ਬਾਜ਼ਾਰ ਵਿਚ ਚੌਲਾਂ ਦੀ ਵਿਕਰੀ ਦਾ ਹੈ, ਜਿਸ ਵਿਰੁੱਧ ਪਾਕਿਸਤਾਨ ਦੀ ਰਾਈਸ ਐਕਸਪੋਰਟ ਐਸੋਸੀਏਸ਼ਨ ਵੀ ਕਾਫੀ ਨਾਰਾਜ਼ਗੀ ਜ਼ਾਹਰ ਕਰਦੀ ਦਿਖਾਈ ਦਿੱਤੀ ਹੈ।



ਵਰਨਣ ਯੋਗ ਹੈ ਕਿ ਪਾਕਿਸਤਾਨ ਅਤੇ ਭਾਰਤ ਦੋਵੇਂ ਆਪਣੇ ਬਾਸਮਤੀ ਚਾਵਲ ਅਤੇ ਮੋਟੇ ਕਿਸਮ ਦੇ ਅਨਾਜ ਨੂੰ ਸੰਸਾਰ ਬਾਜ਼ਾਰ ਵਿਚ ਵੇਚਦੇ ਹਨ। ਭਾਰਤ ਨੇ ਇਸ ਬਾਜ਼ਾਰ ਵਿੱਚ ਅਗੇਤ ਵਿਖਾਈ ਤਾਂ ਪਾਕਿਸਤਾਨ ਨੂੰ ਝਟਕਾਲੱਗਾ ਅਤੇਉਹ ਭੜਕ ਪਿਆ ਹੈ।ਸੰਸਾਰ ਵਿਚ ਪਾਕਿ-ਸਤਾਨ ਦੇ ਚੌਲਾਂ ਤੋਂ ਭਾਰਤੀ ਚੌਲਾਂ ਦੀ ਕੀਮਤ ਬਹੁਤ ਘੱਟ ਹੈ। ਪਾਕਿਸਤਾਨ ਨੇ ਸੰਸਾਰ ਬਾਜ਼ਾਰ ਵਿਚ ਆਪਣੇ ਚੌਲਾਂ ਦੀ ਕੀਮਤ 450 ਡਾਲਰ ਟਨ ਰੱਖੀ ਤਾਂ ਭਾਰਤ ਨੇ ਆਪਣੇ ਚੌਲ ਸਿਰਫ਼ 360 ਡਾਲਰ ਪ੍ਰਤੀ ਟਨ ਵੇਚੇ, ਜਿਸ ਨਾਲ ਪਾਕਿ-ਸਤਾਨ ਇਸ ਕਾਰੋਬਾਰ ਵਿਚ ਭਾਰਤ ਤੋਂ ਬਹੁਤ ਪਿੱਛੇ ਰਹਿ ਗਿਆ।

ਤਾਜ਼ਾ ਅੰਕੜਿਆਂ ਅਨੁਸਾਰ ਜੁਲਾਈ 2020 ਤੋਂ ਮਈ 2021 ਤੱਕ ਪਾਕਿ-ਸਤਾਨ ਦੇ ਚੌਲਾਂ ਦੀ ਐਕਸਪੋਰਟ ਵਿਚ ਕਰੀਬ 14 ਫੀਸਦਕਮੀ ਆਈ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਨੇ 3.8 ਮੀਟ੍ਰਿਕ ਟਨ ਚਾਵਲ ਐਕਸਪੋਰਟ ਕੀਤਾ ਸੀ, ਇਸ ਵਾਰ ਉਹ ਸਿਰਫ਼ 3.3 ਮੀਟ੍ਰਿਕ ਟਨ ਚਾਵਲ ਸੰਸਾਰ ਵਿੱਚ ਵੇਚ ਸਕਿਆ ਹੈ। ਇਸ ਦੇ ਬਾਅਦ ਰਾਈਸ ਐਕਸਪੋਰਟ ਐਸੋਸੀਏਸ਼ਨ ਆਫ ਪਾਕਿਸਤਾਨ ਨੇ ਦੋਸ਼ ਲਾਇਆ ਕਿ ਭਾਰਤ ਨੇ ਸੰਸਾਰ ਬਾਜ਼ਾਰ ਵਿਚ ਚੌਲਾਂ ਨੂੰ ਘੱਟ ਭਾਅ ਉੱਤੇ ਵੇਚ ਕੇ ਪਾਕਿਸਤਾਨ ਦੀ ਖੇਡ ਵਿਗਾੜੀ ਹੈ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਚੌਲਾਂ ਵਿੱਚ ਪ੍ਰਤੀ ਟਨ 100 ਡਾਲਰ ਦੇ ਫਰਕ ਨੇ ਪਾਕਿਸਤਾਨ ਦਾ ਨੁਕਸਾਨ ਕੀਤਾ ਹੈ।ਖਬਰ ਏਜੰਸੀ ਨੇ ਅਖ਼ਬਾਰ ਡਾਨ ਦੇ ਹਵਾਲੇ ਨਾਲ ਕਿਹਾ ਹੈ ਕਿ ਐਸੋਸੀਏਸ਼ਨ ਦੇ ਪ੍ਰਧਾਨ ਅਬਦੁੱਲ ਕਯੂਮ ਪ੍ਰਚਾ ਨੇ ਭਾਰਤ ਉੱਤੇ ਦੋਸ਼ ਲਾਇਆ ਹੈ ਕਿ ਸੰਸਾਰ ਬਾਜ਼ਾਰ ਵਿਚ ਚੌਲਾਂ ਦੀ ਕੀਮਤ ਘਟਾ ਕੇ ਭਾਰਤ ਨੇ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ।

# ਰੁਕੀਆਂ ਹੋਈਆਂ ਡੀ ਏ ਦੀਆਂ ਕਿਸ਼ਤਾਂ ਨੂੰ ਬਹਾਲ ਕਰਵਾਉਣ ਲਈ ਦਿੱਤਾ ਗਿਆ ਸੀਨੀਅਰ ਡੀ ਪੀ ਉ ਨੂੰ ਮੰਗ ਪੱਤਰ





**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਉਤਰ ਰੇਲਵੇ ਕਰਮਚਾਰੀ ਯੂਨੀਅਨ ਫਿਰੋਜ਼ਪੁਰ ਵਲੋਂ ਪਰਧਾਨ ਵਿਕਾਸ ਕੁਮਾਰ ਤੇ ਬਰਾਂਚ ਸੈਕਟਰੀ ਸ਼ਟੇਸ਼ਨ ਬਰਾਚ ਫਿਰੋਜ਼ਪੁਰ ਸ਼ੇਖਰ ਦੀ ਪ੍ਰਧਾਨਗੀ ਹੇਠ ਡੀ ਆਰ ਐਮ ਰਾਜੇਸ਼ ਕੁਮਾਰ ਦੇ ਮਾਰਗ ਦਰਸ਼ਨ ਅਨੁਸਾਰ ਤੇ ਮਹਾਂਸਚਿਵ ਸ਼੍ਰੀ ਬੀ ਸੀ ਸ਼ਰਮਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕੇ ਕਾਰੋਨਾ ਮਹਾਂਮਾਰੀ ਦਾ ਪ੍ਰਕੋਪ ਫੈਲਿਆ ਹੋਇਆ ਹੈ ਇਸ ਦੋਰਾਨ ਸਾਡੀ ਯੂਨੀਅਨ ਹਮੇਸ਼ਾ ਹੀ ਇਸ ਮਹਾਂਮਾਰੀ ਤੋ ਲੋਕਾਂ ਨੂੰ ਨਿਜਾਤ ਦਿਵਾਉਣ ਲਈ ਦਿਨ ਰਾਤ ਕੰਮ ਕਰ ਰਹੀ ਹੈ ਤੇ ਉਦੋਂ ਤੱਕ ਕਰਦੀ ਰਹੇਗੀ ਜਦੋਂ ਤੱਕ ਇਸ ਮਹਾਂਮਾਰੀ ਉਪਰ ਜਿੱਤ ਨਹੀ ਪਾਈ ਜਾਏਗੀ । ਅੱਗੇ ਬੋਲਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਡੀ ਏ ਦੀਆਂ ਕਿਸ਼ਤਾਂ ਜੋ ਕਿ 1 ਜਨਵਰੀ 2020 ਤੋਂ ਲੈ ਕੇ 1 ਜੁਲਾਈ 2021 ਤੱਕ ਰੋਕ ਲਗਾ ਦਿੱਤੀ ਗਈ ਹੈ ਜੋ ਕਿ ਇੱਕ ਨਾਦਰਸ਼ਾਹੀ ਫੁਰਮਾਨ ਹੈ ਤੇ ਸਾਡੀ ਯੂਨੀਅਨ ਇਸ ਫੁਰਮਾਨ ਦਾ ਤਿੱਖੇ ਸ਼ਬਦਾਂ ਵਿੱਚ ਇਸਦੀ ਨਿਖੇਧੀ ਕਰਦੀ ਹੈ। ਇਸ ਦੇ ਖਿਲਾਫ ਸਾਡੀ ਉੱਤਰ ਰੇਲਵੇ ਯੂਨੀਅਨ ਵਲੋਂ ਡੀ ਆਰ ਐਮ ਦਫਤਰ ਦੇ ਬਾਹਰ ਕੇਂਦਰ ਸਰਕਾਰ ਦੇ ਖਿਲਾਫ਼ ਨਾਅਰੇਬਾਜ਼ੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਇਸ ਡੀ ਏ ਦੀਆਂ ਕਿਸ਼ਤਾਂ ਨੂੰ ਬਹਾਲ ਕਰਨ ਲਈ ਰੇਲਵੇ ਮੰਤਰੀ ਦੇ ਨਾਮ ਸੀਨੀਅਰ ਡੀ ਪੀ ਉ ਫਿਰੋਜ਼ਪੁਰ ਦੇ ਰਾਂਹੀ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਤੇ ਗੁਰਜਿੰਦਰ ਸਿੰਘ,ਬਲਰਾਜ,ਅਨਿਲ,ਮਨਦੀਪ ਸਿੰਘ,ਰਮੇਸ਼ ਕੁਮਾਰ,ਰਾਮ ਅਵਤਾਰ,ਰਾਜਵੀਰ ਆਦਿ ਹਾਜਿਰ ਰਹੇ।

# ਬੇਅਦਬੀ ਦੀਆਂ ਘਟਨਾਵਾਂ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਪ੍ਰਤੀ ਸਰਕਾਰਾਂ ਦੀ ਗੈਰ ਸੰਜੀਦਗੀ ਦਾ ਨਤੀਜਾ: ਗਿਆਨੀ ਹਰਨਾਮ ਸਿੰਘ



**ਮਹਿਤਾ ਚੌਕ / ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਹਿਰਦੇਵੇਧਕ ਘਟਨਾਵਾਂ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਦਾ ਮਾਹੌਲ ਵਿਗੜੇਗਾ ਜਿਸ ਲਈ ਕੇਂਦਰ ਅਤੇ ਪੰਜਾਬ ਸਰਕਾਰ ਜ਼ੰਮਿਵਾਰ ਹੋਵੇਗੀ। ਉਨ੍ਹਾਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਜੌਲੀਆਂ ਵਿਖੇ ਇੱਕ ਔਰਤ ਵੱਲੋਂ ਗੁਰੂ ਘਰ ਅੰਦਰ ਦਰਬਾਰ ਸਾਹਿਬ ਨੂੰ ਅੱਗ ਲਗਾਉਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਪ੍ਰੋ: ਸਰਚਾਂਦ ਸਿੰਘ ਮੁਤਾਬਕ ਦਮਦਮੀ ਟਕਸਾਲ ਮੁਖੀ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਕਦੀ ਵੀ ਗੰਭੀਰਤਾ ਨਾਲ ਨਹੀਂ ਲਿਆ, ਨਾ ਹੀ ਸੰਬੰਧਿਤ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਗਈਆਂ ਹਨ, ਸਰਕਾਰਾਂ ਦੀਆਂ ਇਨ੍ਹਾਂ ਅਣਗਹਿਲੀਆਂ ਅਤੇ ਗੈਰ ਸੰਜੀਦਗੀ ਦਾ ਇਹ ਨਤੀਜਾ ਹੈ ਕਿ ਸਮਾਜ ਵਿਰੋਧੀ ਤੇ ਫੁਟਪਾਊ ਅਨਸਰਾਂ ਵੱਲੋਂ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਲਗਾਤਾਰ ਬੇਅਦਬੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਘੜੀਆਂ ਜਾ ਰਹੀਆਂ ਅਜਿਹੀਆਂ ਡੂੰਘੀਆਂ ਸਾਜ਼ਸ਼ਿਾਂ ਨਾਲ ਪੰਜਾਬ ਅੰਦਰ ਖਾਨਾਜੰਗੀ ਵਾਲੇ ਹਾਲਾਤ ਪੈਦਾ ਹੋ ਰਿਹਾ ਹੈ। ਜੋ ਕਿ ਦੇਸ਼ ਕੌਮ ਦੇ ਹਿਤ ਵਿਚ ਨਹੀਂ ਹੋਵੇਗਾ। ਉਨ੍ਹਾਂ ਸਰਕਾਰ ਨੂੰ ਬੇਅਦਬੀ ਮਾਮਲਿਆਂ 'ਚ ਸਖ਼ਤ ਕਾਰਵਾਈ ਕਰਨ ਲਈ ਕਿਹਾ ਤਾਂ ਜੋ ਦੁਬਾਰਾ ਕੋਈ ਅਜਿਹਾ ਕਰਨ ਦੀ ਹਿੰਮਤ ਨਾ ਕਰੇ। ਉਨ੍ਹਾਂ ਕਿਹਾ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਲੁਕੀਆਂ ਸ਼ਕਤੀਆਂ ਨੂੰ ਸਾਹਮਣੇ ਲਿਆਉਣਾ ਜ਼ਰੂਰੀ ਹੈ। ਦਮਦਮੀ ਟਕਸਾਲ ਦੇ ਮੁਖੀ ਨੇ ਕਸ਼ਮੀਰ ਵਾਦੀ ਵਿਚ ਦੋ ਸਿੱਖ ਕੁੜੀਆਂ ਨੂੰ ਅਗਵਾ ਕਰ ਕੇ ਧਰਮ ਪਰਿਵਰਤਨ ਕਰਾ ਕੇ ਇਕ ਨਾਲ ਨਿਕਾਹ ਕਰਨ ਦੀ ਕੋਸ਼ਸ਼ਿ ਦਾ ਵੀ ਸਖ਼ਤ ਨੋਟਿਸ ਲਿਆ ਅਤੇ ਕਿਹਾ ਕਿ ਕਸ਼ਮੀਰ ਹੁਣ ਪੂਰੀ ਤਰਾਂ ਭਾਰਤ ਸਰਕਾਰ ਦੇ ਕੰਟਰੋਲ ਹੇਠ ਹੈ, ਫਿਰ ਸਿੱਖ ਭਾਈਚਾਰੇ ਲਈ ਇਹ ਦੁਖਦਾਇਕ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ? ਉਨ੍ਹਾਂ ਕਿਹਾ ਕਿ ਸਿੱਖ ਘੱਟਗਿਣਤੀ ਦੀਆਂ ਲੜਕੀਆਂ ਦੀ ਜਬਰੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਸੰਸਾਰ ਭਰ ਦੇ ਸਿੱਖ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਕਸ਼ਮੀਰ ਵਾਦੀ 'ਚ ਸਿੱਖ ਤਣਾਅ ਪੂਰਨ ਅਤੇ ਦਬਾਅ ਅਧੀਨ ਰਹਿਣ ਲਈ ਮਜਬੂਰ ਹਨ। ਉਨ੍ਹਾਂ ਇਸ ਮਾਮਲੇ 'ਚ ਕੇਂਦਰ ਸਰਕਾਰ ਅਤੇ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਨੂੰ ਤੁਰੰਤ ਦਖ਼ਲ ਦਿੰਦਿਆਂ ਪੀੜਤ ਸਿੱਖ ਬਚੀਆਂ ਨੂੰ ਇਨਸਾਫ਼ ਦੇਣ ਅਤੇ ਭਵਿੱਖ 'ਚ ਅਜਿਹੀ ਘਟਨਾ ਨਾ ਵਾਪਰੇ ਇਸ ਗਲ ਨੂੰ ਯਕੀਨੀ ਬਣਾਉਣ ਲਈ ਸਖ਼ਤ ਕਦਮ ਚੁੱਕਣ ਦੀ ਵੀ ਅਪੀਲ ਕੀਤੀ ਹੈ।

# ਸੋਮਵਾਰ ਨੂੰ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਵਿਰੁੱਧ ਸਰਕਾਰੀ ਹਸਪਤਾਲ ਦੇ ਡਾਕਟਰਾਂ ਅਤੇ ਸਟਾਫ ਮੈਂਬਰਾਂ ਨੇ ਓਪੀਡੀ ਬੰਦ ਕਰਕੇ ਆਪਣਾ ਗੁੱਸਾ ਜ਼ਾਹਰ ਕੀਤਾ




**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਸੋਮਵਾਰ ਨੂੰ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਵਿਰੁੱਧ ਸਰਕਾਰੀ ਹਸਪਤਾਲ ਦੇ ਡਾਕਟਰਾਂ ਅਤੇ ਸਟਾਫ ਮੈਂਬਰਾਂ ਨੇ ਓਪੀਡੀ ਬੰਦ ਕਰਕੇ ਆਪਣਾ ਗੁੱਸਾ ਜ਼ਾਹਰ ਕੀਤਾ। ਇਸ ਦੌਰਾਨ ਸਿਵਿਲ ਡਾਕਟਰਾਂ ਅਤੇ ਲੈਬ ਟੈਕਨੀਸ਼ੀਅਨਾਂ ਨੇ ਵੀ ਸਿਵਲ ਹਸਪਤਾਲ ਦੇ ਬਾਹਰ ਵਿਹੜੇ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਨਾਅਰੇਬਾਜ਼ੀ ਕੀਤੀ, ਜਿਸ ਕਾਰਨ ਰੋਜ਼ਾਨਾ ਆਉਣ ਵਾਲੇ ਸੈਂਕੜੇ ਮਰੀਜ਼ਾਂ ਨੂੰ ਬਹੁਤ ਪ੍ਰੇਸ਼ਾਨੀਆਂ ਵਿੱਚੋਂ ਗੁਜ਼ਰਨਾ ਪਿਆ। ਇਸ ਦੌਰਾਨ ਡਾ: ਵਿਜੇਂਦਰ ਸਿੰਘ, ਡਾ ਸਰਬਜੀਤ, ਡਾ ਜੈਕਸਨ, ਡਾ ਲਵਲੀਨ, ਡਾ ਹਰਪ੍ਰੀਤ, ਡਾ ਕਿਰਨ ਕੌਸ਼ਲ, ਡਾ ਰਾਘਵ ਮਿੱਤਲ, ਸ਼ਰਨਜੀਤ ਫਾਰਮਾਸਿਸਟ ਪ੍ਰਕਾਸ਼ ਗਿੱਲ, ਰਵੀ ਸ਼ਰਮਾ, ਦਰਸ਼ਨ, ਸਰਬਜੀਤ ਲਾਲ, ਅਲੀਸ਼ਾ, ਆਦਿ ਨੇ ਕਿਹਾ ਕਿ ਓਪੀਡੀ ਬੰਦ ਕਰਕੇ ਗੁੱਸੇ ਨੂੰ ਪ੍ਰਗਟ ਕੀਤਾ ਗਿਆ ਹੈ ਅਤੇ ਕਿਹਾ ਕਿ ਜੇ ਸਾਡੀ ਮੰਗ ਨਾ ਮੰਨੀ ਗਈ ਤਾਂ ਸੜਕਾਂ 'ਤੇ ਉਤਰਿਆ ਜਾਵੇਗਾ।

# ਕਸ਼ਮੀਰ ਵਿੱਚ ਦੋ ਲੜਕੀਆਂ ਦੀ ਧਰਮ ਤਬਦੀਲੀ ਤੋਂ ਸਿੱਖ ਭਾਈਚਾਰਾ ਰੋਹ ਵਿੱਚ



**ਜੰਮੂ।** ਜੰਮੂ-ਕਸ਼ਮੀਰ ਦੇ ਕਸ਼ਮੀਰ ਘਾਟੀ ਖੇਤਰ ਵਿਚ ਦੋ ਲੜਕੀਆਂ ਨੂੰ ਅਗਵਾ ਕਰਨ ਅਤੇ ਉਨ੍ਹਾਂ ਦੀ ਧਰਮ ਤਬਦੀਲੀ ਕਰਵਾਏ ਜਾਣ ਦੇਮਾਮਲੇ ਤੋਂ ਸਿੱਖਾਂ ਵਿੱਚ ਰੋਹ ਭੜਕ ਪਿਆ ਅਤੇਸਿੱਖ ਭਾਈਚਾਰਾ ਸੜਕਾਂ ਉੱਤੇ ਉੱਤਰ ਆਇਆ ਹੈ। ਉਨ੍ਹਾਂ ਨੇ ਕਸ਼ਮੀਰ ਵਿਚ ਲਵ-ਜਹਾਦ ਦਾ ਦੋਸ਼ ਲਾ ਕੇ ਅਜਿਹੇ ਮਾਮਲੇ ਰੋਕਣ ਲਈ ਸਰਕਾਰ ਤੋਂ ਉੱਤਰ ਪ੍ਰਦੇਸ਼ ਵਰਗਾ ਕਾਨੂੰਨ ਬਣਾਏ ਜਾਣ ਦੀ ਮੰਗ ਕਰ ਦਿੱਤੀ ਹੈ। ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੀ ਐਤਵਾਰ ਸ਼ਾਮ ਸ੍ਰੀਨਗਰ ਪੁੱਜ ਗਏ ਹਨ।

ਪਤਾ ਲੱਗਾ ਹੈ ਕਿ ਵਿਆਹ ਦੇ ਬਹਾਨੇ ਧਰਮ ਬਦਲੀ ਕਰਨ ਵਾਲੀਆਂ ਦੋ ਲੜਕੀਆਂ ਵਿਚੋਂ ਇਕ ਮਹਿਜੂਰ ਨਗਰ ਦੀ ਤੇ ਦੂਸਰੀ ਰੈਨਾਵਾੜੀ ਦੀ ਹੈ ਤੇ ਰੈਨਾਵਾੜੀ ਦੀ ਲੜਕੀ ਦੇਮਾਮਲੇ ਨੇ ਹੀ ਕਸ਼ਮੀਰ ਵਾਦੀ ਦੇਸਿੱਖਾਂ ਨੂੰ ਸੜਕਾਂ ਉੱਤੇ ਆਉਣ ਲਈ ਮਜਬੂਰ ਕੀਤਾ ਹੈ। ਦੱਸਿਆ ਗਿਆ ਹੈ ਕਿ 12ਵੀਂ ਜਮਾਤ ਦੀ ਵਿਦਿਆਰਥਣ ਦਾ ਕੁਝ ਸਮਾਂ ਪਹਿਲਾਂ ਸਿਰ ਦਾ ਆਪ੍ਰੇਸ਼ਨ ਹੋਇਆ ਸੀ। ਉਸ ਨਾਲ ਵਿਆਹ ਕਰਨ ਵਾਲੇ ਵਿਅਕਤੀ ਦੀ ਉਮਰ ਕਰੀਬ 46 ਸਾਲ ਹੈ ਅਤੇ ਉਹ ਪਹਿਲਾਂ ਵੀ ਦੋ ਵਿਆਹ ਕਰਵਾ ਚੁੱਕਾ ਹੈ ਅਤੇ ਉਸ ਦੀ ਇਕ ਅੱਠ ਸਾਲ ਦੀ ਬੇਟੀ ਹੈ। ਦੂਸਰੀ ਲੜਕੀ ਮਹਿਜੂਰ ਨਗਰ ਖੇਤਰ ਦੀ ਹੈ। ਇਸ ਕੇਸ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਬਡਗਾਮ ਦੇ ਚੇਅਰਮੈਨ ਸੰਤ ਪਾਲ ਸਿੰਘ ਨੇ ਕਿਹਾ ਕਿ ਕਸ਼ਮੀਰ ਵਿੱਚ ਇੱਕ ਲਵ-ਜਹਾਦ ਚੱਲ ਰਿਹਾ ਹੈ ਅਤੇ ਬਹੁ-ਗਿਣਤੀ ਭਾਈਚਾਰੇ ਦੇ ਮੌਲਵੀ, ਉਲੇਮਾ ਤੇ ਹੋਰ ਸਨਮਾਨਿਤ ਨਾਗਰਿਕਾਂ ਨੂੰ ਚਾਹੀਦਾ ਹੈ ਕਿ ਉਹ ਸਾਡੇ ਨਾਲ ਖੜ੍ਹੇ ਹੋਣ। ਉਨ੍ਹਾ ਕਿਹਾ ਕਿ ਰੈਨਾਵਾੜੀ ਦੀ ਕੁੜੀ ਨੂੰ ਵਰਗਲਾਇਆ ਗਿਆ ਹੈ, ਨਹੀਂ ਤਾਂ ਕੋਈ 18 ਸਾਲ ਉਮਰ ਦੀਲੜਕੀ ਪਹਿਲਾਂ ਦੋ ਵਾਰ ਵਿਆਹੇ ਬਾਲ-ਬੱਚੇਦਾਰ ਬੰਦੇ ਨਾਲ ਵਿਆਹ ਕਿਉਂ ਕਰੇਗੀ? ਉਨ੍ਹਾਂ ਕਿਹਾ ਕਿ ਜਦੋਂ ਉਹ ਲੜਕੀ ਅਗਵਾ ਹੋਈ ਤਾਂ ਪੁਲਿਸ ਨੇ ਪਤਾ ਲਾਉਣ ਵਿਚ ਦੇਰ ਕੀਤੀਤੇ ਫਿਰ ਜਦੋਂ ਲੜਕੀ ਬਰਾਮਦ ਕਰ ਲਈਤਾਂ ਉਸ ਦਾ ਧਰਮ ਬਦਲਿਆ ਜਾ ਚੁੱਕਾ ਸੀ। ਇਸ ਦੇ ਬਾਅਦ ਵੀ ਲੜਕੀ ਦੇ ਪਰਿਵਾਰ ਨੂੰ ਉਸ ਨਾਲ ਮਿਲਣ ਤੱਕ ਨਹੀਂ ਦਿੱਤਾ ਗਿਆ, ਜਿਸ ਤੋਂ ਸਿੱਖ ਭਾਈਚਾਰੇ ਵਿੱਚ ਰੋਸ ਭਰ ਗਿਆ। ਇਸ ਦੇ ਬਾਅਦ ਸ਼ਨਿਚਰਵਾਰ ਰਾਤ ਸਾਢੇ ਗਿਆਰਾਂ ਵਜੇ ਲੜਕੀ ਉਸ ਦੇ ਮਾਪਿਆਂ ਨੂੰ ਸੌਂਪੀ ਗਈ।

ਸਿੱਖ ਆਗੂਆਂ ਨੇ ਦੱਸਿਆ ਕਿ ਅਦਾਲਤ ਵਿਚ ਲੜਕੀ ਨੂੰ ਵਰਗਲਾ ਕੇ ਉਸ ਨਾਲ ਵਿਆਹ ਕਰਨ ਵਾਲਾ ਆਦਮੀ ਅਤੇ ਉਸ ਦੇ ਰਿਸ਼ਤੇਦਾਰ ਮੌਜੂਦ ਸਨ, ਪਰ ਲੜਕੀ ਦੇ ਪਰਿਵਾਰ ਨੂੰ ਕੋਵਿਡ ਪ੍ਰੋਟੋਕਾਲ ਦੇ ਬਹਾਨੇ ਨਾਲ ਬਾਹਰ ਰੋਕ ਦਿੱਤਾ ਗਿਆ, ਜਿਸ ਕਾਰਨ ਉਹ ਸਾਰਾ ਦਿਨ ਅਦਾਲਤ ਮੂਹਰੇ ਧਰਨੇ ਉੱਤੇ ਬੈਠੇ ਰਹੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਸ ਤਰ੍ਹਾਂ ਦੇ ਕੇਸ ਹੁੰਦੇ ਰਹੇ ਹਨ, ਪਰ ਪਿਛਲੇ ਕੁਝ ਦਿਨਾਂ ਵਿਚ ਹੀ ਇਸ ਤਰ੍ਹਾਂ ਦੇ ਤਿੰਨ-ਚਾਰ ਕੇਸ ਵਾਪਰ ਗਏ ਹਨ। ਇਸ ਕਾਰਨ ਅੱਜ ਐਤਵਾਰ ਨੂੰ ਸਾਰਾ ਦਿਨ ਸਿੱਖ ਭਾਈਚਾਰੇ ਨੇ ਗੁਰਦੁਆਰਾ ਬੁੰਗਾ ਸਾਹਿਬ ਬਰਜੁਲਾ ਵਿਚ ਪ੍ਰਦਰਸ਼ਨ ਕੀਤਾ ਹੈ। ਅੱਜ ਐਤਵਾਰ ਨੂੰ ਦਿੱਲੀਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੀ ਸ੍ਰੀਨਗਰ ਆ ਗਏ ਅਤੇ ਪੂਰੇ ਕੇਸ ਵਿਚ ਸਥਾਨਕ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾਕੀਤਾ ਤੇ ਕਸ਼ਮੀਰ ਵਿਚ ਜਾਰੀ ਪ੍ਰਦਰਸ਼ਨ ਵਿਚ ਹਿੱਸਾ ਲਿਆ ਅਤੇ ਉਸ ਤੋਂ ਬਾਅਦ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਾਰੇ ਕੇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿਚ ਵੀ ਉੱਤਰ ਪ੍ਰਦੇਸ਼ ਵਾਂਗ ਲਵ ਜਹਾਦ ਵਿਰੋਧੀ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਕਿਹਾ ਕਿ ਸਿੱਖ ਭਾਈਚਾਰੇ ਨਾਲ ਬੇਇਨਸਾਫ਼ੀ ਹੋ ਰਹੀ ਹੈ। ਨੈਸ਼ਨਲ ਸਿੱਖ ਫਰੰਟ ਦੇ ਚੇਅਰਮੈਨ ਵਰਿੰਦਰਜੀਤ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਧੱਕੇਸ਼ਾਹੀ ਦੇ ਮਾਮਲਿਆਂ ਵਿਚ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਕਾਰੋਨਾ ਟੈਸਟ ਕਰਨ ਵਾਲਾ ਡਾਕਟਰ ਲਲਿਤ ਬਗੈਰ ਮਾਸਕ ਤੋ ਉਡਾ ਰਿਹਾ ਹੁਕਮਾਂ ਦੀਆਂ ਧੱਜੀਆਂ

## ਸੀਟ ਤੇ ਬੈਠਾ ਆਪਣੇ ਆਪ ਨੂੰ ਸਮਝਦਾ ਹੈ ਨਾਦਰ ਸ਼ਾਹੀ ਫਰਮਾਨ ਜਾਰੀ ਕਰਨ ਵਾਲਾ !



**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਜਿਥੇ ਪੂਰਾ ਸੰਸਾਰ ਕਾਰੋਨਾ ਮਹਾਂਮਾਰੀ ਨਾਲ ਜਕੜਿਆ ਹੋਇਆ ਹੈ ਉਥੇ ਹੀ ਇਸ ਦੀ ਰੋਕਥਾਮ ਕਰਨ ਵਾਲੇ ਡਾਕਟਰ ਸ਼ਰੇਆਮ ਆਪਣੀ ਸੀਟ ਤੇ ਸ਼ਾਹੀ ਬਾਬੂ ਬਣੇ ਬੈਠੇ ਹੋਏ ਹਨ । ਜਾਣਕਾਰੀ ਮੁਤਾ-ਬਕ ਸਿਵਲ ਹਸਪਤਾਲ ਫਿਰੋਜ਼ਪੁਰ ਸਥਿਤ ਫਲੂ ਕਾਰਨਰ ਤੇ ਡਿਊਟੀ ਤੇ ਤਾਇਨਾਤ ਡਾਕਟਰ ਲਲਿਤ ਸਰਕਾਰੀ ਹੁਕਮਾਂ ਨੂੰ ਟਿੱਚ ਸਮਝ ਕੇ ਸ਼ਰੇਆਮ ਧੱਜੀਆਂ ਉਡਾ ਰਿਹਾ ਹੈ ਇੱਕ ਹੈਰਾਨੀ ਦੀ ਗੱਲ ਇਹ ਹੈ ਕਿ ਫਲੂ ਕਾਰਨਰ ਇੱਕ ਬਹੁਤ ਹੀ ਖਤਰਨਾਕ ਕਾਰਨਰ ਹੈ ਕਿਉ ਕੇ ਇਥੇ ਕਾਰੋਨਾ ਲਛਣਾ ਵਾਲੇ ਮਰੀਜਾਂ ਦੇ ਸੈਂਪਲ ਲਏ ਜਾਂਦੇ ਹਨ ਇਸ ਲਈ ਸੈਂਪਲ ਲੈਣ ਵਾਲੇ ਪੂਰੇ ਸਟਾੱਫ ਵਲੋਂ ਆਪਣੇ ਆਪ ਨੂੰ ਹਰ ਸਾਇਡ ਤੋਂ ਪੂਰੀ ਤਰਾਂ ਕਵਰ ਕੀਤਾ ਜਾਂਦਾ ਹੈ ਪਰ ਡਾਕਟਰ ਲਲਿਤ ਵਲੋਂ ਇਸ ਸਭ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਭਾਵ ਕੇ ਮਾਸਕ ਤੱਕ ਵੀ ਲਗਾਉਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ ਜਦੋਂ ਪਤਰਕਾਰਾਂ ਦੀ ਟੀਮ ਵਲੋਂ ਇਸਦੇ ਕਮਰੇ ਵਿੱਚ ਜਾਣ ਦੀ ਪਹੁੰਚ ਕੀਤੀ ਤਾਂ ਇਸਦਾ ਮੀਡੀਆ ਪ੍ਰਤੀ ਰਵਈਆ ਬਹੁਤ ਹੀ ਮਾੜਾ ਸੀ ! ਸੋ ਹੁਣ ਦੇਖਣਾ ਇਹ ਹੋਵੇਗਾ ਇਸ ਅੜੀਅਲ ਵਤੀਰੇ ਵਾਲੇ ਤੇ ਸਰਕਾਰ ਦੇ ਹੁਕਮਾਂ ਨੂੰ ਟਿੱਚ ਸਮਝਣ ਵਾਲੇ ਡਾਕਟਰ ਤੇ ਕੀ ਕਾਰਵਾਈ ਕੀਤੀ ਜਾਂਦੀ ਹੈ।

# ਡਿਪਟੀ ਕਮਿਸ਼ਨਰ ਵਲੋਂ ਡਰੇਨਾਂ ਦੀ ਸਫਾਈ ਦਾ ਕੰਮ ਤੇਜੀ ਨਾਲ ਮੁਕੰਮਲ ਕਰਨ ਦੇ ਹੁਕਮ

## ਕਾਂਜਲੀ ਵੈਟਲੈਂਡ ਵਿਖੇ ਚੱਲ ਰਹੇ ਕੰਮ ਦਾ ਨਿਰੀਖਣ



**ਕਪੂਰਥਲਾ।** ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀਮਤੀ ਦੀਪਤੀ ਉੱਪਲ ਨੇ ਡਰੇਨਜ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹੜ੍ਹਾਂ ਦੀ ਰੋਕਥਾਮ ਲਈ ਡਰੇਨਾਂ ਦੀ ਸਫਾਈ ਦੇ ਚੱਲ ਰਹੇ ਕੰਮ ਨੂੰ ਤੇਜੀ ਨਾਲ ਮੁਕੰਮਲ ਕਰਨ । ਡਿਪਟੀ ਕਮਿਸ਼ਨਰ ਵਲੋਂ ਅੱਜ ਜਿਲ੍ਹੇ ਦੇ ਉੱਚ ਅਧਿਕਾਰੀਆਂ ਸਮੇਤ ਵਡਾਲਾ ਡਰੇਨ ਅਤੇ ਵੈਸਟ ਬੇਈਂ ਵਿਖੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਗਿਆ। ਉਨਾਂ ਕਿਹਾ ਕਿ ਆਗਾਮੀ ਮੌਨਸੂਨ ਸੀਜਨ ਤੋਂ ਪਹਿਲਾ ਡਰੇਨਾਂ ਦੀ ਸਫਾਈ ਯਕੀਨੀ ਬਣਾਈ ਜਾਵੇ ਅਤੇ ਵਿਸ਼ੇਸ਼ ਕਰਕੇ ਪੁਲਾਂ ਹੇਠ ਕਿਸੇ ਵੀ ਕਿਸਮ ਦੀ ਬੂਟੀ ਆਦਿ ਨੂੰ ਸਾਫ ਕੀਤਾ ਜਾਵੇ। ਡਰੇਨੇਜ ਵਿਭਾਗ ਵਲੋਂ ਵਡਾਲਾ ਡਰੇਨ ਨੂੰ 31 ਹਜ਼ਾਰ ਫੁੱਟ ਦੀ ਲੰਬਾਈ ਤੱਕ ਜਦਕਿ ਵੈਸਟ ਬੇਈਂ ਨੂੰ 29500 ਫੁੱਟ ਲੰਬਾਈ ਤੱਕ ਸਾਫ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਵਲੋਂ ਕਾਂਜਲੀ ਵੈੱਟਲੈਂਡ ਵਿਖੇ ਚੱਲ ਰਹੇ ਕੰਮ ਦਾ ਵੀ ਜਾਇਜ਼ਾ ਲਿਆ ਗਿਆ। ਇਸ ਤੋਂ ਇਲਾਵਾ ਉਨਾਂ ਕਾਂਜਲੀ ਵਿਖੇ ਹੀ ਬਣੇ ਘਰਾਟਾਂ ਦਾ ਵੀ ਦੌਰਾ ਕੀਤਾ। ਉਨਾਂ ਕਿਹਾ ਕਿ ਕਾਂਜਲੀ ਵੈੱਟਲੈਂਡ ਵਿਖੇ ਬੂਟੀ ਦੀ ਸਮੱਸਿਆ ਦੇ ਪੱਕੇ ਹੱਲ ਲਈ ਫਾਈਬਰ ਬਲਾਕ ਲਾਉਣ ਬਾਰੇ ਪ੍ਰਸਤਾਵ ਇੱਕ ਹਫਤੇ ਦੇ ਅੰਦਰ ਸੌਂਪਿਆ ਜਾਵੇ। ਉਨਾਂ ਐਸ.ਡੀ.ਐਮ ਕਪੂਰਥਲਾ ਸ੍ਰੀ ਵਰਿੰਦਰ ਪਾਲ ਸਿੰਘ ਬਾਜਵਾ ਨੂੰ ਕਿਹਾ ਕਿ ਉਹ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਨਿੱਜੀ ਤੌਰ 'ਤੇ ਕੰਮ ਦੀ ਨਿਗਰਾਨੀ ਕਰਨ। ਇਸ ਤੋਂ ਇਲਾਵਾ ਐਸ.ਡੀ.ਐਮ. ਕਪੂਰਥਲਾ ਸ੍ਰੀ ਵਰਿੰਦਰਪਾਲ ਸਿੰਘ ਬਾਜਵਾ ਵਲੋਂ ਵੀ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਬਾਘੂਵਾਲਾ ਪੱਤਣ ਵਿਖੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਜਿਲ੍ਹਾ ਮਾਲ ਅਫਸਰ ਪਰਮਜੀਤ ਸਿੰਘ ਸਹੋਤਾ,ਐਸ.ਡੀ.ਓ ਗੁਰਚਰਨ ਸਿੰਘ ਪੰਨੂ,ਸੁਪਰਡੈਂਟ ਸਤਬੀਰ ਸਿੰਘ ਹਾਜ਼ਰ ਸਨ।

# ਪਿੰਡ ਲਿੱਦੜਾਂ ਦੇ ਦਰਜਨਾਂ ਨੌਜਵਾਨ ਪਰਿਵਾਰਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਏ



**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਮੰਡਲ ਪ੍ਰਧਾਨ ਸ਼ੈਲੀ ਮਹਾਜਨ ਦੀ ਦੇਖ ਰੇਖ ਹੇਠ ਪਿੰਡ ਲਿੱਦੜਾਂ ਵਿੱਚ ਭਾਜਪਾ ਕਰਤਾਰਪੁਰ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਭਾਜਪਾ ਜ਼ਿਲ੍ਹਾ ਜਲੰਧਰ ਦੇਹਤੀ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਕ੍ਰਿਸ਼ਨ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੀਟਿੰਗ ਵਿੱਚ ਦਰਜਨਾਂ ਨੌਜਵਾਨ ਸਣੇ ਪਰਿਵਾਰ ਭਾਜਪਾ ਵਿੱਚ ਸ਼ਾਮਲ ਹੋਏ। ਮੋਦੀ ਸਰਕਾਰ ਨੇ ਕੁਰਸੀ ਦੀ ਪਰਵਾਹ ਕੀਤੇ ਬਿਨਾਂ, ਦੇਸ਼ ਲਈ ਲੋੜੀਂਦੀਆਂ ਨੀਤੀਆਂ ਚਲਾਈਆ ਹਨ, ਜਿਸ ਕਾਰਨ ਸੁਧਾਰ ਵੀ ਕੀਤੇ ਜਾ ਰਹੇ ਹਨ। ਇਸ ਮੌਕੇ ਸੰਨੀ ਨੂੰ ਭਾਜਪਾ ਮੰਡਲ ਕਰਤਾਰਪੁਰ ਦੇ ਘੱਟ ਗਿਣਤੀ ਫਰੰਟ ਦਾ ਪ੍ਰਧਾਨ ਅਤੇ ਸੁਨੀਲ ਟੰਡਨ ਨੂੰ ਉਪ ਪ੍ਰਧਾਨ, ਪਵਨ ਕੁਮਾਰ ਨੂੰ ਜਨਰਲ ਸਕੱਤਰ, ਬੀਰੂ ਨੂੰ ਸਕੱਤਰ, ਸਾਗਰ ਗਿੱਲ ਨੂੰ ਸਲਾਹਕਾਰ ਅਤੇ ਅੰਕੁਸ਼ ਸਿੰਘ, ਹਰੀ ਪ੍ਰਸ਼ਾਦ, ਦੀਪਕ, ਅਸ਼ੀਸ਼ ਕੁਮਾਰ, ਮਨਦੀਪ ਨੂੰ ਕਾਰਜਕਾਰੀ ਮੈਮਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਭਾਜਪਾ ਮੰਡਲ ਕਰਤਾਰਪੁਰ ਦੇ ਜਨਰਲ ਸਕੱਤਰ ਪਵਨ ਠਾਕੁਰ, ਐਸ ਸੀ ਮੋਰਚਾ ਦੇ ਪ੍ਰਧਾਨ ਸੋਮਲਾਲ ਪਾਲ ਅਤੇ ਹੋਰ ਮੌਜੂਦ ਸਨ।

# ਭਾਜਪਾ ਦੇ ਗੜ੍ਹ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਨੇ ਵੱਡੀ ਸੰਨ੍ਹ ਜਾ ਲਾਈ

* ਸੂਰਤ ਦਾ ਹੀਰਾ ਕਾਰੋਬਾਰੀ ਮਹੇਸ਼ ਸਵਾਨੀ 'ਆਪ' ਵਿਚ ਸ਼ਾਮਿਲ

* ਸਮਾਜ-ਸੇਵਾ ਲਈ ਜਾਣਿਆ ਜਾਂਦਾ ਹੈ ਮਹੇਸ਼ ਸਵਾਨੀ



**ਸਰਤ।** ਗੁਜਰਾਤ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੀਆਂ ਮੁੱਢਲੀਆਂ ਛਾਲਾਂ ਨੂੰ ਵੇਖਦਿਆਂ ਲੱਗਦਾ ਹੈ ਕਿ ਇਹ ਪਾਰਟੀ ਜਲਦੀ ਹੀ ਦੂਸਰੇ ਰਾਜਾਂ ਵਿਚ ਵੱਡਾ ਦਾਅ ਖੇਡ ਸਕਦੀ ਹੈ। ਅੱਜ ਅਚਾਨਕ ਇਸ ਪਾਰਟੀ ਨੇ ਸੂਰਤ (ਗੁਜਰਾਤ) ਦੇ ਵੱਡੇ ਹੀਰਾ ਵਪਾਰੀਆਂ ਵਿਚੋਂ ਇਕ ਮਹੇਸ਼ ਸਵਾਨੀ ਆਪਣੇ ਨਾਲ ਜੋੜ ਕੇ ਭਾਰਤੀ ਜਨਤਾ ਪਾਰਟੀ ਨੂੰ ਇੱਕ ਵੱਡਾ ਸਿਆਸੀ ਝਟਕਾ ਦੇ ਦਿੱਤਾ ਹੈ। ਦਿੱਲੀ ਦੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਰਸਮੀ ਤੌਰ ਉੱਤੇ ਮਹੇਸ਼ ਸਵਾਨੀ ਨੂੰ ਆਪਣੀ ਪਾਰਟੀ ਦੀ ਮੈਂਬਰਸ਼ਿਪ ਦਿਵਾਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਪਣੇ ਰਾਜ ਗੁਜਰਾਤ ਵਿੱਚ ਇਸ ਵੱਡੇ ਉਦਯੋਗਪਤੀ ਮਹੇਸ਼ ਸਵਾਨੀ ਦੇ ਇਸ ਤਰ੍ਹਾਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਜਾਣ ਨਾਲ ਹਰ ਪਾਸੇ ਚਰਚੇ ਚੱਲ ਪਏ ਹਨ। ਵਰਨਣ ਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਿੱਛੇ ਜਿਹੇ ਐਲਾਨ ਕੀਤਾ ਸੀ ਕਿ ਆਮ ਆਦਮੀ ਪਾਰਟੀ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ ਸੀਟਾਂ ਉੱਤੇਆਪਣੇ ਉਮੀਦਵਾਰ ਖੜ੍ਹੇ ਕਰੇਗੀ। ਗੁਜਰਾਤ ਵਿੱਚ ਰਾਜਨੀਤਿਕ ਪੱਖੋਂ ਮਜ਼ਬੂਤ ਪਾਟੀਦਾਰ ਭਾਈਚਾਰੇ ਤੋਂ ਆਉਣ ਵਾਲੇ 51 ਸਾਲਾ ਮਹੇਸ਼ ਸਵਾਨੀ ਪਿਛਲੇ ਕਈ ਸਾਲਾਂ ਤੋਂ ਗਰੀਬ ਲੜਕੀਆਂ ਦੇ ਵਿਆਹ ਕਰਾਉਣ ਦੀ ਸੇਵਾ ਕਰ ਰਹੇ ਹਨ, ਇਸ ਲਈ ਉਨ੍ਹਾਂ ਦੀ ਆਪਣੇ ਖੇਤਰ ਵਿਚ ਵੱਖਰੀ ਪਛਾਣ ਹੈ।

ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਪਿੱਛੋਂ ਮਹੇਸ਼ ਸਵਾਨੀ ਨੇ ਕਿਹਾ ਕਿ ਉਹ ਸਮਾਜ ਸੇਵਾ ਦੇ ਵਿਸਥਾਰ ਦੇ ਇਰਾਦੇ ਨਾਲ ਰਾਜਨੀਤੀ ਵਿੱਚਆਏ ਹਨ। ਉਨ੍ਹਾਂ ਕਿਹਾ ਕਿ ਉਹ ਨਾ ਸਿਰਫ ਸੂਰਤ ਲਈ, ਸਗੋਂ ਪੂਰੇ ਗੁਜਰਾਤ ਲਈ ਕੰਮ ਕਰਨਾ ਚਾਹੁੰਦੇ ਹਨ। ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਅਗਲੇ ਸਾਲ ਹੋਣੀਆਂ ਹਨ। ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਸਥਾਨਕ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਚੰਗਾ ਪ੍ਰਦਰਸ਼ਨ ਕਰਦਿਆਂ ਦੋ ਦਰਜਨ ਤੋਂ ਵੱਧ ਨਗਰ ਪਾਲਿਕਾ ਸੀਟਾਂ ਉੱਤੇ ਕਬਜ਼ਾ ਕਰ ਲਿਆ ਸੀ, ਜਿਸ ਪਿੱਛੋਂ ਅਰਵਿੰਦ ਕੇਜਰੀਵਾਲ ਨੇ ਗੁਜਰਾਤ ਵਿੱਚ ਰੋਡ ਸ਼ੋਅ ਕੀਤਾ ਸੀ।